ਜੂਨ 1986

ਮੁੱਲ--ਦੋ ਰੁਪਏ

73

ਇਸ ਅੰਕ ਵਿਚ :


- ਸੰਪਾਦਕੀ : ਸਾਨੂੰ ਅਪਣੀ ਸਿਆਸਤ ਤੇ ਕਾਇਮ ਰਹਿਣਾ ਚਾਹੀਦਾ ਹੈ ।
- ਇਕ ਖ਼ਤ ਅਪਣੇ ਲੋਕਾਂ ਦੇ ਨਾਂ—ਸਾਨੂੰ ਸਿਆਣੇ ਬਣਨਾ ਚਾਹੀਦਾ ਹੈ ।
- ਸੰਪਾਦਕੀ ਟਿਪਣੀਆਂ : 1. ਬਹੁਗਿਣਤੀ ਲੋਕਾਂ ਦੀ ਸ਼ਾਵਨਵਾਦ ਦੀ ਵਿਰੋਧਤਾ ਦਾ ਇਹ ਮਤਲਬ ਨਹੀਂ ਕਿ ਅਸੀਂ ਘੱਟ ਗਿਣਤੀ ਦੇ ਲੋਕਾਂ ਦੀ ਕਲਚਰ ਦੀਆਂ ਰੂੜੀਵਾਦੀ ਕਦਰਾਂ ਕੀਮਤਾਂ ਦੇ ਸਮਰਥਕ ਹੋਈਏ । 2. ਤਰਕਸ਼ੀਲ ਮੈਗਜ਼ੀਨ ਦਾ ਪ੍ਰਵੇਸ਼ ਸਮੇਂ ਦੀ ਲੋੜ ਹੈ । 3. ਬਰਨਾਲਾ ਦੇ ਜੋੜੇ ਸਾਫ ਕਰਨਾ, ਵਜ਼ੀਰਾਂ ਦੀ ਫੌਜ ਬਨਾਉਣਾ ਅਤੇ ਦੋ ਬੱਬਿਆਂ (ਬਰਨਾਲਾ ਅਤੇ ਬਾਦਲ) ਦੇ ਘਮਸਾਨ ਯੁੱਧ ਬਾਰੇ ਕੁਝ ਟਿਪਣੀਆਂ ।
- ਮਈ ਦਿਵਸ ਤੇ ਤਲਵਾੜਾ ਅਤੇ ਲੁਧਿਆਣਾ ਵਿਖੇ ਹੋਈਆਂ ਸਾਂਝੀਆਂ ਕਾਰਵਾਈਆਂ ਸਹੀ ਸਿਆਸਤ ਦਾ ਪ੍ਰਤੀਕ ਹਨ।
- ਪਰਦੇਸਾਂ ਵਿਚ ਲਿਖੀ ਗਈ ਪੰਜਾਬੀ ਕਵਿਤਾ, ਆਪਣੇ ਆਪ ਤੋਂ ਦੂਰ ਅਤੇ ਲੋਕ ਸੱਥ ਪੁਸਤਕਾਂ ਦੀ ਪੁਸਤਕ-ਪਹਿਚਾਣ
- ਡੀ. ਐਸ. ਫੋਰ ਅਤੇ ਕਮਿਊਨਿਸਟ—ਇਕ ਟਿਪਣੀ
- ਅਰਵਲ (ਬਿਹਾਰ) ਬਾਰੇ ਮਾਰਕਸੀ ਵਿਚਾਰ ਮੰਚ ਪਟਿਆਲਾ ਦੀ ਰੀਪੋਰਟ
- ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਦੀ ਬਿਹਾਰ ਫੇਰੀ ਬਾਰੇ ਰੀਪੋਰਟ

**ਨਾਟਕ—ਇੱਕੀਵੀਂ ਸਦੀ ਅਤੇ ਪਾਠਕ ਲੇਖਕ ਫੋਰਮ**


## ਸੰਪਾਦਕੀ

**ਸਾਨੂੰ ਅਪਣੀ ਸਿਆਸਤ ਤੇ ਕਾਇਮ ਰਹਿਣਾ ਚਾਹੀਦਾ ਹੈ :** ਦੇਸ਼ ਅਤੇ ਪੰਜਾਬ ਵਿਚ ਜੋ ਹਾਲਾਤ ਹੋ ਰਹੇ ਹਨ, ਉਹ ਬਹੁਤ ਵਾਰ ਸਾਨੂੰ ਮਾਯੂਸ ਕਰ ਦੇਂਦੇ ਹਨ, ਇਹ ਕਹਿੰਦੇ ਆਮ ਸੁਣਿਆ ਜਾਂਦਾ ਹੈ ਕਿ ਇਸ ਦੇਸ਼ ਦਾ ਕੁਝ ਨਹੀਂ ਬਣਨਾ । ਇਥੇ ਨਾ ਹੀ ਧਰਮਾਂ ਤੇ ਨਾ ਹੀ ਜ਼ਾਤਪਾਤ ਦੇ ਝਗੜੇ ਕਦੀ ਮੁਕਣੇ ਹਨ ਤਾਂ ਨਾ ਹੀ ਕੋਈ ਤਰੱਕੀ ਹੋਣੀ ਹੈ । ਪਰ ਅਸਲੀਅਤ ਇਸ ਤਰ੍ਹਾਂ ਨਹੀਂ । ਸਾਡੇ ਦੇਖਦਿਆਂ ਦੇਖਦਿਆਂ ਬੁਰਜੂਆ ਤਰੱਕੀ ਦੇ ਚਿੰਨ੍ਹ, ਹਰ ਪਾਸੇ ਉਭਰ ਆਏ ਹਨ ਅਤੇ ਮਹਾਜਨੀ ਸਭਿਆਚਾਰ ਸਾਡੇ ਸਮਾਜ ਵਿਚ ਬਿਲਕੁਲ ਛਾ ਰਿਹਾ ਹੈ । ਟੈਲੀਵੀਯਨ ਵਡੀ ਗਿਣਤੀ 'ਚ ਘਰਾਂ ਵਿਚ ਪੁੱਜ ਗਏ ਹਨ । ਇਸ ਮਾਧਿਅਮ ਰਾਹੀਂ ਇਕ ਪਾਸੇ ਤਾਂ ਉਹ ਕਲਾ ਜੋ ਲਾਜ਼ਮੀ ਤੌਰ ਤੇ ਭ੍ਰਿਸ਼ਟ ਕਲਾ ਹੈ, ਉਹਦਾ ਵਾਧਾ ਹੋ ਰਿਹਾ ਹੈ ਤੇ ਦੂਜੇ ਪਾਸੇ ਇਸ ਰਾਹੀਂ ਭਾਂਤ ਭਾਂਤ ਦੀਆਂ ਨਿਤ ਵਰਤੋਂ ਦੀਆਂ ਚੀਜ਼ਾਂ ਦੀ ਇਸ਼ਤਿਹਾਰ-ਬਾਜ਼ੀ ਸਾਨੂੰ ਚਕਾਚੂੰਧ ਕਰ ਰਹੀ ਹੈ । ਇਹ ਕਹਿਣ ਦਾ ਮਤਲਬ ਹੈ ਕਿ ਆਰਥਕਤਾ ਦਾ ਸਰਮਾਏਦਾਰੀ ਢਾਂਚਾ ਪੂਰੀ ਤਰ੍ਹਾਂ ਲੁੱਟ ਖਸੁੱਟ ਦੇ ਅਸੂਲਾਂ ਅਨੁਸਾਰ ਅਪਣਾ ਕੰਮ ਕਰ ਰਿਹਾ ਹੈ । ਸਾਧਾਰਨ ਲੋਕਾਂ ਦੇ ਦੁੱਖ ਤਕਲੀਫ਼ਾਂ ਵਧ ਰਹੇ ਹਨ । ਸਮਾਜਕ ਅਨਿਆਂ ਵਧ ਰਿਹਾ ਹੈ । ਅਮੀਰ ਤੇ ਗਰੀਬ ਦਾ ਪਾੜਾ ਵਧ ਰਿਹਾ ਹੈ । ਅਮੀਰ ਘਰਾਂ ਵਿਚ ਪੱਛਮੀ ਰਹਿਣ ਸਹਿਣ ਦੀ ਹੋਛੀ ਨੱਕਲ ਪੂਰੀ ਤਰ੍ਹਾਂ ਮਿਲਦੀ ਹੈ । ਅਯਾਸ਼ੀ ਦੇ ਸਭ ਸਾਮਾਨ ਹਨ । ਹਰ ਰਾਤ ਸ਼ਰਾਬਾਂ ਦੇ ਦੌਰ ਚਲਦੇ ਹਨ । ਜਦੋਂ ਕਿ ਝੁੱਗੀਆਂ ਦੀ ਗਿਣਤੀ ਵੀ ਵਧ ਰਹੀ ਹੈ ਤੇ ਉਹਨਾਂ ਦੀ ਕੰਗਾਲੀ ਵੀ ਵਧ ਰਹੀ ਹੈ, ਪਰ ਜ਼ਿੰਦਗੀ ਦੀਆਂ ਇਹ ਸਚਾਈਆਂ ਲੋਕਾਂ ਦੇ ਧਿਆਨ ਦਾ ਕੇਂਦਰ ਨਹੀਂ...। ਲੋਕਾਂ ਦੀ ਸੋਚਣੀ ਨੂੰ ਫਿਰਕੂ ਮਸਲਿਆਂ ਅਤੇ ਹੋਰ ਕੌਮੀ ਸ਼ਾਵਨਵਾਦੀ ਮਸਲਿਆਂ ਰਾਹੀਂ ਭੰਬਲਭੂਸਿਆਂ ਵਿਚ ਪਾਇਆ ਜਾ ਰਿਹਾ ਹੈ ।

ਇਹਨਾਂ ਹਾਲਤਾਂ ਵਿਚ ਕੀ ਸਾਡੇ ਲਈ ਵੀ ਜ਼ਰੂਰੀ ਹੈ ਕਿ ਅਸੀਂ ਖੱਬੀ ਸੋਚ ਵਾਲੇ ਲੋਕ ਭੰਬਲਭੂਸਿਆਂ ਵਿਚ ਪੈ ਜਾਈਏ ਤੇ ਸਾਡੀ ਸਿਆਸਤ ਜੋ ਮੇਹਨਤਕਸ਼ ਜਮਾਤ ਦੇ ਸੰਘਰਸ਼ਾਂ ਨੂੰ ਅਧਾਰ ਬਣਾਕੇ ਹੀ ਲੋਕਾਂ ਤਕ ਫੈਲ ਸਕਦੀ ਹੈ, ਉਸਨੂੰ ਛੱਡਕੇ ਬੁਰਜੁਆ ਸਿਆਸਤ ਦਾ ਭਾਗ ਬਣ ਜਾਈਏ । ਸਹੀ ਗੱਲ ਕਹਿਣ ਦੀ ਥਾਂ ਵੋਟਾਂ ਜਾਂ ਸਸਤੀ ਸ਼ੁਹਰਤ ਦੇ ਚੱਕਰ ਵਿਚ ਮੌਕਾਪ੍ਰਸਤ ਪੁਜ਼ੀਸ਼ਨਾਂ ਲੈਣੀਆਂ ਸ਼ੁਰੂ ਕਰ ਦੇਈਏ ? ਇਹਦਾ ਸਪੱਸ਼ਟ ਜ਼ਵਾਬ ਹੈ—ਨਹੀਂ । ਸਾਨੂੰ ਅਪਣੀ ਸਿਆਸਤ ਤੇ ਕਾਇਮ ਰਹਿਣਾ ਚਾਹੀਦਾ ਹੈ ।

**○ ਸਾਡੀ ਸਿਆਸਤ ਕੀ ਹੈ ?**

○ ਜਦੋਂ ਅਸੀਂ ਮਜ਼ਦੂਰਾਂ ਦੇ ਦਿਹਾੜੇ ਮਈ ਦਿਵਸ ਨੂੰ ਵੱਡੀ ਸ਼ਾਨ ਨਾਲ ਮਨਾਉਂਦੇ ਹਾਂ। ਸਾਂਝੇ ਜਲਸੇ ਰੈਲੀਆਂ ਕਰਦੇ ਹਾਂ। ਕੋਠਿਆਂ ਉਤੇ ਲਾਲ ਝੰਡੇ ਲਹਿਰਾਉਂਦੇ ਹਾਂ। ਝੰਡਾ ਮਾਰਚ ਕਰਦੇ ਹਾਂ। 'ਦੁਨੀਆਂ ਭਰ ਦੇ ਮੇਹਨਤਕਸ਼ੋ ਇਕ ਹੋ ਜਾਓ' ਦੇ ਨਾਅਰੇ ਸੜਕਾਂ ਤੇ ਲਗਾਉਂਦੇ ਹਾਂ। ਮਜ਼ਦੂਰ ਬਸਤੀਆਂ ਵਿਚ ਦੀਪਮਾਲਾ ਕਰਦੇ ਹਾਂ। ਸੜਕਾਂ ਗਲੀਆਂ ਵਿਚ ਲਾਲ ਫਰੇਰੇ ਦੇ ਗੀਤ ਗਾਉਂਦੇ ਹਾਂ। ਨੁੱਕਰ ਨਾਟਕ ਕਰਦੇ ਹਾਂ ਤਾਂ **ਇਹ ਸਾਡੀ ਸਿਆਸਤ ਹੈ।**

○ ਜਦੋਂ ਆਪਣੀਆਂ ਮੰਗਾਂ ਲੈ ਕੇ ਸੜਕਾਂ ਤੇ ਜਲੂਸ ਕੱਢਦੇ ਹਾਂ, ਜਿਸ ਤਰ੍ਹਾਂ ਬਿਜਲੀ ਬੋਰਡ ਦੇ ਟੈਕਨੀਕਲ ਸਰਵਿਸ ਯੂਨੀਅਨ ਵਾਲਿਆਂ ਪੰਜਾਬ ਦੇ ਸ਼ਹਿਰਾਂ ਤੇ ਕਸਬਿਆਂ ਵਿਚ ਕੱਢੇ ਹਨ ਤੇ ਨਾਲ ਹੀ ਹਿੰਦੂ ਸਿੱਖ ਮਜ਼ਦੂਰਾਂ ਦੀ ਏਕਤਾ ਦੇ ਨਾਅਰੇ ਲਗਾਂਦੇ ਹਾਂ। ਫਿਰਕਾਪ੍ਰਸਤੀ ਮੁਰਦਾਬਾਦ ਦੇ ਨਾਅਰੇ ਉਚੇ ਕਰਨੇ ਹਾਂ **ਤਾਂ ਇਹ ਸਾਡੀ ਸਿਆਸਤ ਹੈ।**

○ ਜਦੋਂ ਦੇਸ਼ ਭਰ ਵਿਚ ਕੋਈ ਵੀ ਜਬਰ ਦੀ ਘਟਨਾ ਹੁੰਦੀ ਹੈ ਤਾਂ ਉਸ ਜਬਰ ਵਿਰੁੱਧ ਅਸੀਂ ਆਪਣੀ ਯੱਕ-ਜਹਿਤੀ ਦੱਸਦਿਆਂ ਦੁਵਰਕੀਆਂ ਕੱਢਦੇ ਹਾਂ ਤੇ ਲੋਕਾਂ ਤਾਈਂ ਪੁਚਾਉਂਦੇ ਹਾਂ। ਜਿਸ ਤਰ੍ਹਾਂ ਮਾਰਕਸੀ ਵਿਚਾਰ ਮੰਚ ਪਟਿਆਲਾ ਵਲੋਂ ਬਿਹਾਰ ਦੇ ਅਰਵਲ ਕਸਬੇ ਵਿਚ ਹੋਏ ਪੁਲਸ ਜਬਰ ਬਾਰੇ ਕੱਢਿਆ ਗਿਆ ਹੈ ਜਾਂ ਕਨਵੈਨਸ਼ਨਾਂ ਕਰਦੇ ਹਾਂ, ਜਿਸ ਤਰ੍ਹਾਂ ਆਂਧਰਾ ਵਿਚ ਕਮਿਊਨਿਸਟ ਇਨਕਲਾਬੀਆਂ ਅਤੇ ਸੰਘਰਸ਼ ਕਰਦੇ ਲੋਕਾਂ ਉਤੇ ਹੋ ਰਹੇ ਜਬਰ ਬਾਰੇ ਜੈਕਾਰਾ ਤੇ ਕਮਿਊਨਿਸਟ ਬ੍ਰੀਗੇਡ ਵਾਲਿਆਂ ਨੇ ਦੇਸ਼ ਭਗਤ ਹਾਲ, ਜਲੰਧਰ ਵਿਚ ਕਨਵੈਨਸ਼ਨ ਕੀਤੀ **ਤਾਂ ਇਹ ਸਾਡੀ ਸਿਆਸਤ ਹੈ।**

○ ਜਦੋਂ ਗੁਰੂ ਕੀ ਵਡਾਲੀ ਜਾਂ ਹੋਰ ਥਾਵਾਂ ਤੇ ਫਿਰਕੂ ਦਹਿਸ਼ਤਗਰਦਾਂ ਵਲੋਂ ਸਕੂਲ ਟੀਚਰਾਂ ਦੇ ਕਤਲ ਹੋਣ ਤੇ ਜ਼ਿਲਾ ਭਰ ਦੇ ਟੀਚਰਾਂ ਨੂੰ ਲਾਮਬੰਦ ਕਰਕੇ ਦਹਿਸ਼ਤਗਰਦੀ ਦੇ ਵਿਰੁੱਧ ਰੋਸ ਮਾਰਚ ਕਰਦੇ ਹਾਂ **ਤਾਂ ਇਹ ਸਾਡੀ ਸਿਆਸਤ ਹੈ।**

○ ਲੋਕਾਂ ਦੇ ਨਿੱਕੇ ਨਿੱਕੇ ਸੰਘਰਸ਼ਾਂ ਦੀ ਅਗਵਾਈ ਕਰਦੇ ਕਰਦੇ ਉਹਨਾਂ ਨੂੰ ਜਮਾਤੀ ਸਿਆਸਤ ਦੀ ਪਹਿਚਾਣ ਕਰਵਾਂਦੇ ਹਾਂ **ਤਾਂ ਇਹ ਸਾਡੀ ਸਿਆਸਤ ਹੈ।**

○ ਵੱਡੇ ਜ਼ਮੀਨਦਾਰ ਜੋ ਜ਼ਮੀਨ ਬਾਰੇ ਬਣੇ ਹੋਏ ਕਾਨੂੰਨਾਂ ਦੀ ਉਲੰਘਣਾ ਕਰਦੇ ਹਨ ਅਤੇ ਲੱਠਮਾਰ ਗੁੰਡਿਆਂ ਦੀ ਮਦਦ ਨਾਲ ਜ਼ਮੀਨਾਂ ਉਤੇ ਨਜ਼ਾਇਜ ਕਬਜ਼ਾ ਜਮਾਂਦੇ ਹਨ ਅਤੇ ਉਹਨਾਂ ਦੇ ਕਬਜ਼ੇ ਨੂੰ ਮੁਕਾਉਣ ਲਈ ਜੋ ਹਥਿਆਰਬੰਦ ਸੰਘਰਸ਼ ਕੀਤੇ ਜਾਂਦੇ ਹਨ **ਤਾਂ ਇਹ ਸਾਡੀ ਸਿਆਸਤ ਹੈ।**

○ ਨਿਊਕਲਾਈ ਹਥਿਆਰਾਂ ਉਤੇ ਪਾਬੰਦੀ ਦੀ ਮੰਗ ਕਰਦੇ ਜਦੋਂ ਅਸੀਂ ਇਹਨਾਂ ਹਥਿਆਰਾਂ ਉਤੇ ਲਗਾਈ ਜਾ ਰਹੀ ਰਾਸ਼ੀ ਦੀ ਲੋਕ ਭਲਾਈ ਦੇ ਕੰਮਾਂ ਵਾਸਤੇ ਵਰਤੇ ਜਾਣ ਦੀ ਮੰਗ ਕਰਦੇ ਹਾਂ **ਤਾਂ ਇਹ ਸਾਡੀ ਸਿਆਸਤ ਹੈ।**

○ ਸਾਡੀ ਸਰਕਾਰ ਗਵਾਂਢੀ ਦੇਸ਼ ਉਤੇ ਤਾਂ ਇਹ ਇਲਜ਼ਾਮ ਲਗਾਂਦੀ ਹੈ ਕਿ ਉਹ ਅਮਰੀਕੀ ਹਥਿਆਰਾਂ ਦੀ ਮਦਦ ਲੈ ਕੇ ਸਾਡੇ ਦੇਸ਼ ਲਈ ਖਤਰਾ ਖੜਾ ਕਰ ਰਿਹਾ ਹੈ, ਪਰ ਆਪ ਦੂਜੀ ਵੱਡੀ ਤਾਕਤ ਕੋਲੋਂ ਇਹੋ ਮਦਦ ਲੈ ਕੇ ਇਹ ਦਾਅਵਾ ਕਰਦੀ ਹੈ ਕਿ ਉਹ ਕਿਸੇ ਲਈ ਖਤਰਾ ਨਹੀਂ ਖੜਾ ਕਰਦੀ ਤਾਂ ਇਹ ਉਹਦਾ ਦੋਗਲਾਪਨ ਹੈ, ਜੇ ਇਸ ਦੋਗਲੇਪਨ ਨੂੰ ਅਸੀਂ ਨਸ਼ਰ ਕਰਦੇ ਹਾਂ **ਤਾਂ ਇਹ ਸਾਡੀ ਸਿਆਸਤ ਹੈ।**

○ ਗਰੀਬਾਂ ਦੀਆਂ ਬਸਤੀਆਂ ਵਿਚ ਜਦੋਂ ਅਸੀਂ ਸਾਫ ਪਾਣੀ, ਰੌਸ਼ਨੀ, ਸਫਾਈ ਅਤੇ ਹੋਰ ਜ਼ਿੰਦਗੀ ਦੀਆਂ ਸਹੂਲਤਾਂ ਲਈ ਲਾਮਬੰਦੀ ਕਰਦੇ ਹਾਂ।

○ ਕਿਸਾਨਾਂ ਦੀਆਂ ਜਿਨਸਾਂ ਲਈ ਠੀਕ ਭਾਅ ਅਤੇ ਮੰਡੀ ਦੀਆਂ ਸਹੂਲਤਾਂ ਲਈ ਜਦੋਂ ਅਸੀਂ ਸੰਘਰਸ਼ਾਂ ਦੀ ਅਗਵਾਈ ਕਰਦੇ ਹਾਂ।

○ ਵਹਿਮਾਂ, ਭਰਮਾਂ, ਜਾਦੂ ਟੂਣਿਆਂ, ਭੂਤਾਂ ਪ੍ਰੇਤਾਂ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਦੇ ਹਾਂ।

○ ਦਲਿਤ ਲੋਕਾਂ ਨੂੰ ਬ੍ਰਾਹਮਣਵਾਦ ਕੋਲੋਂ ਨਿਜਾਤ ਪਾਉਣ ਲਈ ਪ੍ਰੇਰਦੇ ਹਾਂ।

○ ਖੇਤ ਮਜ਼ਦੂਰ ਲਈ ਵਾਜਬ ਦਿਹਾੜੀ ਲਈ ਜਦੋਂ ਅਸੀਂ ਆਵਾਜ਼ ਉੱਚੀ ਕਰਨੇ ਹਾਂ।

○ ਕਾਰਖਾਨਿਆਂ ਦੇ ਬਾਹਰ ਤਾਲਾਬੰਦੀ ਵਿਰੁੱਧ ਧਰਨੇ ਦੇਂਦੇ ਹਾਂ।

○ ਨੌਜਵਾਨਾਂ ਲਈ ਰੁਜ਼ਗਾਰ ਦੀ ਗਰੰਟੀ ਮੰਗਦੇ ਹਾਂ।

○ ਕਿਸੇ ਵਿਆਹੀ ਕੁੜੀ ਨੂੰ ਦਾਜ ਦੇ ਲਾਲਚੀਆਂ ਹਥੋਂ ਸੜਣ ਤੋਂ ਬਚਾਨੇ ਹਾਂ **ਤਾਂ ਇਹ ਸਭ ਸਾਡੀ ਸਿਆਸਤ ਹੈ**

ਸਾਡੀ ਸਿਆਸਤ ਦੱਬੇ ਕੁਚੱਲੇ ਲੋਕਾਂ ਦੀ ਮੁਕਤੀ ਦੀ ਸਿਆਸਤ ਹੈ। ਇਹ ਅੱਜ ਦੇ ਯੁੱਗ ਦੀ ਕਲਿਆਣਕਾਰੀ ਸਿਆਸਤ ਹੈ। ਲੋਕ ਜੇਕਰ ਕਿਸੇ ਪਰਚਾਰ ਹੇਠ ਸਾਡੀ ਸਿਆਸਤ ਨੂੰ ਨਹੀਂ ਅਪਣਾਉਂਦੇ ਤਾਂ ਸਾਨੂੰ ਅਪਣੀ ਅਸਫਲਤਾ ਬਾਰੇ ਆਪਾ ਪੜਚੋਲ ਵੀ ਕਰਨੀ ਚਾਹੀਦੀ ਹੈ ਤੇ ਸਫਲ ਹੋਣ ਲਈ ਹੋਰ ਮੇਹਨਤ ਵੀ ਕਰਨੀ ਚਾਹੀਦੀ ਹੈ। ਆਰਜ਼ੀ ਅਸਫਲਤਾਵਾਂ ਦੇ ਪੇਸ਼ੇਨਜ਼ਰ ਜੇਕਰ ਅਸੀਂ ਅਪਣੇ ਰਾਹ ਤੋਂ ਥਿੜਕ ਗਏ ਤਾਂ ਇਹ ਸਾਡੇ ਲਈ ਵੀ ਅਤੇ ਸਾਡੇ ਲੋਕਾਂ ਲਈ ਵੀ ਇਕ ਦੁਖਾਂਤ ਹੋਵੇਗਾ। ਸਾਨੂੰ ਉਡੀਕ ਕਰਨੀ ਚਾਹੀਦੀ ਹੈ, ਜਦੋਂ ਸਾਡੇ ਲੋਕ ਸਹੀ ਮਾਰਗ ਦੀ ਪਛਾਣ ਕਰ ਸਕਣਗੇ। **ਵੱਡੀ ਲੋੜ ਹੈ ਕਿ ਅਸੀਂ** ਅਪਣੀ ਸਿਆਸਤ ਤੇ ਕਾਇਮ ਰਹੀਏ। /ਗੁਰਸ਼ਰਨ ਸਿੰਘ

# ਇਕ ਚਿੱਠੀ ਆਪਣੇ ਲੋਕਾਂ ਦੇ ਨਾਂ

ਮੇਰੇ ਲੋਕੋ,

ਇਹ ਚਿੱਠੀ ਮੈਂ ਤੁਸਾਂ ਵੱਲ 6 ਮਈ 1986 ਨੂੰ ਲਿਖ ਰਿਹਾ ਹਾਂ। ਸਵੇਰੇ ਸਵੇਰੇ ਅਖਬਾਰ ਆਈ ਹੈ, ਇਸ ਵਿਚ ਦੋ ਖਬਰਾਂ ਹਨ। ਇਕ ਖਬਰ ਇਹ ਹੈ ਕਿ ਅਤਿਵਾਦੀਆਂ ਨੇ ਕਲ ਦਿਨ ਦੇ ਯਾਰਾਂ ਵਜੇ ਅਮ੍ਰਿਤਸਰ ਦੇ ਨੇੜੇ ਗੁਰੂ ਕੀ ਵਡਾਲੀ ਹਾਈ ਸਕੂਲ ਵਿਚ ਆਕੇ ਇਕ ਕਮਰੇ ਵਿਚ ਬੈਠੇ ਮਾਸਟਰਾਂ ਉਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਮਾਸਟਰ ਅਤੇ ਇਕ ਸਕੂਲ ਦਾ ਕਲਰਕ ਥਾਂ ਤੇ ਦਮ ਤੋੜ ਗਏ ਤੇ ਬੁਰੀ ਤਰ੍ਹਾਂ ਜ਼ਖਮੀ ਗੰਭੀਰ ਹਾਲਤ ਵਿਚ ਹਸਪਤਾਲ ਪੁਚਾਏ ਗਏ ਹਨ। ਇਸ ਖਬਰ ਦੇ ਨਾਲ ਇਕ ਖਬਰ ਹੋਰ ਸੀ ਕਿ ਬਰਨਾਲਾ ਵਜ਼ਾਰਤ ਵਿਚ ਇੱਕੀ ਵਜ਼ੀਰਾਂ ਦਾ ਹੋਰ ਵਾਧਾ ਕੀਤਾ ਗਿਆ ਹੈ। 29 ਵਜ਼ੀਰਾਂ ਦੀ ਫੌਜ ਦੀ ਇਕ ਤਸਵੀਰ ਸੀ ਜਿਸ ਵਿਚ ਅਗਲੀ ਕਤਾਰ ਵਿਚ ਕੁਝ ਸੀਨੀਅਰ ਵਜ਼ੀਰ ਕੁਰਸੀਆਂ ਤੇ ਬੈਠੇ ਸਨ ਤੇ ਰਹਿਦ ਖੂੰਦ ਵਜ਼ੀਰ ਕੁਰਸੀਆਂ ਦੀ ਥੁੜ ਕਰਕੇ ਦੂਜੀ ਕਤਾਰ ਵਿਚ ਖੜੇ ਸਨ। ਖਬਰ ਇਹ ਵੀ ਸੀ ਕਿ ਜਦੋਂ ਇਸ ਵਜ਼ੀਰਾਂ ਦੀ ਫੌਜ ਨੂੰ ਯਾਰਾ ਵਜੇ ਸੌਂਹ ਚੁਕਾਈ ਜਾ ਰਹੀ ਸੀ ਤਾਂ ਪੰਜਾਬ ਭਵਨ ਵਿਚ ਵਿਧਾਇਕਾਂ ਦੇ ਸਮਰਥਕਾਂ ਦੀ ਇਤਨੀ ਭੀੜ ਸੀ ਕਿ ਪੁਲਸ ਨੂੰ ਭੀੜ ਉਤੇ ਕਾਬੂ ਪਾਉਣਾ ਮੁਸ਼ਕਲ ਹੋ ਗਿਆ ਸੀ। ਦਿਨ ਦੇ ਯਾਰਾਂ ਵਜੇ ਗੁਰੂ ਕੀ ਵਡਾਲੀ ਸਾਧਾਰਨ ਸ਼ਹਿਰੀ ਗੋਲੀਆਂ ਨਾਲ ਭੁੰਨੇ ਜਾ ਰਹੇ ਸਨ ਤੇ ਯਾਰਾਂ ਵਜੇ ਚੰਡੀਗੜ੍ਹ ਬੇਜ਼ਮੀਰੇ ਵਜ਼ੀਰਾਂ ਦੀ ਭੀੜ ਸੌਂਹ ਚੁੱਕ ਰਹੀ ਸੀ ਕਿ ਪੰਜਾਬ ਦੇ ਖਜ਼ਾਨੇ ਨੂੰ ਕਿਸ ਤਰ੍ਹਾਂ ਝੰਡੀ ਵਾਲੀਆਂ ਕਾਰਾਂ, ਨਵੇਂ ਫਰਨੀਚਰ ਅਤੇ ਏਅਰ ਕੰਡੀਸ਼ਨ ਨਾਲ ਲੈਸ ਕੋਠੀਆਂ ਨਾਲ ਲੁਟਿਆ ਜਾਣਾ ਹੈ ਅਤੇ ਅਪਣ ਸਮਰਥਕਾਂ ਨੂੰ ਇਸ ਲੁੱਟ ਦਾ ਹਿੱਸੇਦਾਰ ਬਨਾਉਣਾ ਹੈ।

ਇਹਦੇ ਵਿਚ ਕਸੂਰ ਕਿਸਦਾ ਹੈ? ਆਖਿਆ ਜਾ ਸਕਦਾ ਹੈ ਕਿ ਇਸ ਦੇਸ਼ ਦੇ ਕਹਿੰਦੇ ਕਹਿਲੌਂਦੇ ਪਾਰਲੀਮੈਂਟਰੀ ਸਿਸਟਮ ਦਾ ਹੈ ਜੋ ਬੇਈਮਾਨ ਸਿਆਸਤ ਦੀ ਜੜ੍ਹ ਹੈ। ਜਿਥੇ ਚੁਣੇ ਹੋਏ ਨੁਮਾਇੰਦਿਆਂ ਦਾ ਕੋਈ ਅਸੂਲ ਜਾਂ ਜ਼ਮੀਰ ਨਹੀਂ ਹੁੰਦੀ ਸਿਰਫ ਕੁਰਸੀ ਦੀ ਲਾਲਸਾ ਹੁੰਦੀ ਹੈ ਪਰ ਇਹ ਕਸੂਰ ਮੇਰੇ ਲੋਕੋ ਤੁਹਾਡਾ ਵੀ ਹੈ ਜਿਹੜੇ ਕੋਈ ਵੀ ਸਬਕ ਨਹੀਂ ਸਿਖ ਰਹੇ ਹੋ। ਪਹਿਲੀਆਂ ਦੋ ਤਿੰਨ ਅਲੈਕਸ਼ਨਾਂ ਵਿਚ ਤਾਂ ਮੰਨਿਆ ਜਾ ਸਕਦਾ ਸੀ ਕਿ ਤੁਹਾਨੂੰ ਗਲ ਦੀ ਸਮਝ ਨਹੀਂ ਪੈ ਰਹੀ ਤੇ ਤੁਹਾਡੇ ਹਥੋਂ ਹੀ ਗਲਤ ਬੰਦੇ ਚੁਣੇ ਜਾਂਦੇ ਹਨ ਪਰ ਹੁਣ ਤਾਂ ਅੱਠ ਨੌਂ ਅਲੈਕਸ਼ਨਾਂ ਦੇ ਤਜ਼ਰਬਿਆਂ ਵਿਚੋਂ ਤੁਸੀਂ ਲੰਘ ਚੁੱਕੇ ਹੋ। ਹੁਣ ਵੀ ਤੁਸੀਂ ਸਹੀ ਨੁਮਾਇੰਦਿਆਂ ਦੀ ਜੇਕਰ ਚੋਣ ਨਹੀਂ ਕਰ ਸਕਦੇ ਤਾਂ **ਇਸ ਮੂਰਖਤਾ ਦੀ ਜ਼ਿਮੇਵਾਰੀ ਤੋਂ ਤੁਸੀ ਸੁਰਖੁਰੂ ਨਹੀਂ ਕਹੇ ਜਾ ਸਕਦੇ।**

o ਹਾਲੀ ਸਤ ਮਹੀਨੇ ਹੀ ਹੋਏ ਹਨ, ਮੈਂ ਤੁਹਾਨੂੰ ਇਸ ਗਲ ਦੀ ਵਧਾਈ ਦਿੱਤੀ ਸੀ ਕਿ ਤੁਸੀਂ ਕਾਂਗਰਸ ਜੋ ਕਿ ਇਕ ਭ੍ਰਿਸ਼ਟ ਪਾਰਟੀ ਹੈ ਅਤੇ ਭਾਰਤ ਵਿਚ ਚਲ ਰਹੇ ਗੰਦੇ ਨਜ਼ਾਮ ਦੀ ਕਰਤਾ ਧਰਤਾ ਹੈ, ਉਸਨੂੰ ਤੁਸੀਂ ਕਰਾਰੀ ਹਾਰ ਦਿੱਤੀ ਹੈ। ਮੈਂ ਹੁਣ ਵੀ ਸਮਝਦਾ ਹਾਂ ਕਿ ਤੁਸੀਂ ਉਸ ਅਮਲ ਲਈ ਵਧਾਈ ਦੇ ਪਾਤਰ ਸੀ ਪਰ ਆਉਣ ਵਾਲੇ ਸਮੇਂ ਵਿਚ ਸਾਡਾ ਪ੍ਰਾਂਤ ਜਿਹੜੇ ਤਲਖ ਤਜਰਬੇ ਵਿਚੋਂ ਲੰਘ ਰਿਹਾ ਹੈ ਉਹ ਦਸਦਾ ਹੈ ਕਿ ਸਾਡੀ ਮੁਕਤੀ ਹਾਲੇ ਦੂਰ ਦੀ ਗਲ ਹੈ ਮੈਨੂੰ ਤੇ **ਤੁਹਾਨੂੰ ਹੋਰ ਸਿਆਣਾ ਹੋਣਾ ਚਾਹੀਦਾ ਹੈ।**

o ਇਸ ਵਿਚ ਸ਼ਕ ਨਹੀਂ ਕਿ ਪੰਜਾਬ ਇਸ ਵੇਲੇ ਦੋ ਦੇਵ ਤਾਕਤਾਂ ਦੀ ਆਪਸੀ ਲੜਾਈ ਦਾ ਅਖਾੜਾ ਬਣ ਚੁਕਿਆ ਹੈ। ਅਮਰੀਕੀ ਸਰਕਾਰ ਭਾਰਤ ਦੀ ਸਰਕਾਰ ਨੂੰ ਜਿੱਚ ਕਰਨਾ ਚਾਹੁੰਦੀ ਹੈ ਕਿਉਂਕਿ ਭਾਰਤ ਦੀ ਸਰਕਾਰ ਅੰਤ੍ਰਰਾਸ਼ਟਰੀ ਮਾਮਲਿਆ ਵਿਚ ਬਹੁਤ ਵਾਰੀ ਰੂਸ ਦਾ ਪੱਖ ਪੂਰਦੀ ਹੈ। **ਪਰ ਅਸੀਂ ਇਹ ਕਹਿਕੇ ਆਪਣੀ ਮੂਰਖਤਾ ਉਤੇ ਪਰਦਾ ਨਹੀਂ ਪਾ ਸਕਦੇ।** ਗੁਰੂ ਕੀ ਵਡਾਲੀ ਗੋਲੀਆਂ ਚਲਾਉਣ ਵਾਲੇ ਕੋਈ ਅਮਰੀਕਨ ਨਹੀਂ ਜੋ ਸੱਤ ਸਮੁੰਦਰੋਂ ਪਾਰ ਆਕੇ ਗੋਲੀਆਂ ਚਲਾ ਗਏ। ਉਹ ਸਾਡੇ ਹੀ ਜਨੂੰਨ ਹਥੋਂ ਪਾਗਲ ਹੋਏ ਨੌਜਵਾਨ ਹਨ। ਉਹ ਇਹ ਕਾਰਵਾਈਆਂ ਕਰਕੇ ਸਾਡੇ ਹੀ ਪਿੰਡਾਂ ਵਿਚ ਸ਼ਹਿਰਾਂ ਵਿਚ ਸਾਡੇ ਹੀ ਘਰਾਂ ਵਿਚ ਪਨਾਹ ਲੈਂਦੇ ਹਨ। ਸ਼ਰਾਬਾਂ ਪੀ ਕੇ ਆਪਣੀਆਂ ਬਹਾਦੁਰੀਆਂ ਦੀ ਬੜਕਾਂ ਮਾਰਦੇ ਹਨ, ਉੱਚੀ ਉੱਚੀ ਕਹਿੰਦੇ ਹਨ **ਅਸੀਂ ਤਾਂ ਫੂਕ ਕੇ ਰਖ ਦੇਵਾਂਗੇ** ਕਿਨੂੰ ਫੂਕ ਕੇ ਰਖ ਦੇਣਗੇ? ਕਦੀ ਅਸੀਂ ਪੁਛਣ ਦੀ ਹਿੰਮਤ ਕੀਤੀ ਹੈ? ਸਕੂਲ ਦੇ ਮਾਸਟਰਾਂ ਨੂੰ? ਸਕੂਲ ਪੜ੍ਹਦੇ ਬੱਚਿਆਂ ਨੂੰ? ਬਜਾਏ ਇਸਦੇ ਕਿ ਅਸੀਂ ਸਪੱਸ਼ਟ ਸਟੈਂਡ ਲੈਕੇ ਇਹਨਾਂ ਵਹਿਸ਼ੀਆਨਾ ਕਾਰਵਾਈਆਂ ਨੂੰ ਨਿੰਦੀਏ ਅਸੀਂ ਇਹਨਾਂ ਨੂੰ ਨਵੰਬਰ ਘਟਨਾਵਾਂ ਜਾਂ ਦਰਬਾਰ ਸਾਹਿਬ ਵਿਚ ਪੁਲਸ ਭੇਜਣ ਦੀ ਕਾਰਵਾਈ ਨਾਲ ਜੋੜਕੇ ਹੋਰ ਹੀ ਬਹਿਸਾਂ ਵਿਚ ਉੱਲਝ ਜਾਂਦੇ ਹਾਂ। ਵਡਾਲੀ ਦੇ ਸਕੂਲ ਦੇ ਮਾਸਟਰਾਂ ਨੇ ਤਾਂ ਦਰਬਾਰ ਸਾਹਿਬ ਵਿਚ ਪੁਲਸ ਨਹੀਂ ਭੇਜੀ ਸੀ। ਇਹ ਨੌਜਵਾਨ ਗੁੰਮਰਾਹ ਹਨ, ਇਹ ਬੁਜ਼ਦਿਲ ਹਤਿਆਰੇ ਹਨ ਅਸੀਂ ਇਹਨਾ ਬੁਜ਼ਦਿਲ ਹਤਿਆਰਿਆਂ ਨੂੰ ਜਦੋਂ ਅਪਣੀ ਗਲ ਬਾਤ ਵਿਚ ਸੂਰਮੇ ਤੇ ਸ਼ਹੀਦ ਆਖਣ ਲਗ ਪੈਂਦੇ ਹਾਂ ਤਾਂ ਸਾਨੂੰ ਮੰਨਣਾ ਪਵੇਗਾ ਕਿ **ਅਸੀਂ ਇਹਨਾਂ ਕਤਲਾਂ ਦੇ ਅਸਿਧੇ ਤੌਰ ਤੇ ਭਾਈਵਾਲ ਹਾਂ।**

o ਸਾਡੇ ਵਿਚੋਂ ਬਹੁਤੇ ਅੱਜ ਕਲ ਬੇਦਲੀਲੀ ਗਲ ਕਰਦੇ ਹਨ। ਨਵੰਬਰ ਘਲੂਘਾਰੇ ਵੇਲੇ ਸਿੱਖ ਘਰਾਣਿਆਂ ਵਿਚ ਇਹ ਆਮ ਗਲ ਸੁਣੀ ਕਿ ਇੰਦਰਾ ਗਾਂਧੀ ਨੂੰ ਜੇਕਰ ਦੋ ਸਿਖਾਂ ਨੇ ਮਾਰਿਆ ਹੈ ਤਾਂ ਇਹਦਾ ਬਦਲਾ ਸਾਰਿਆਂ ਬੇਗੁਨਾਹ ਸਿਖਾਂ ਕੋਲੋਂ ਲੈਣਾ ਕਿਥੋਂ ਤਕ ਵਾਜਬ ਹੈ? ਬਿਲਕੁਲ ਸਹੀ ਸਵਾਲ ਹੈ। ਪਰ ਇਹਨਾਂ ਹੀ ਸਿਖ ਘਰਾਣਿਆਂ ਵਿਚ (ਮੇਰਾ ਜ਼ਾਤੀ ਤਜਰਬਾ ਹੈ) ਜਦੋਂ ਤਰਨ-ਤਾਰਨ ਦੇ ਨੇੜੇ ਢੋਰੀਆਂ ਵਿਚ ਬਸ ਵਿਚੋਂ ਕੱਢਕੇ ਮਾਰੇ ਗਏ ਹਿੰਦੂ ਮੁਸਾਫਰਾਂ ਦੀ ਗੱਲ ਹੋਈ ਤਾਂ ਝੱਟ ਕਹਿ ਦਿਤਾ ਗਿਆ ਕਿ ਉਹ ਤਰਨ ਤਾਰਨ ਸ਼ਹਿਰ ਕੀਤੀ ਗਈ ਹਿੰਦੂਆਂ ਦੀ ਜ਼ਿਆਦਤੀ ਦਾ ਨਤੀਜਾ ਸੀ। ਬਿਲਕੁਲ ਇਸ ਤਰ੍ਹਾਂ ਦੀਆਂ ਬੇਦਲੀਲੀ ਵਾਲੀਆਂ ਗੱਲਾਂ ਹਿੰਦੂ ਘਰਾਂ ਵਿਚ ਵੀ ਕੀਤੀਆਂ ਹਨ। ਜਦੋਂ ਇਹ ਗੱਲ ਆਖੀ ਜਾਂਦੀ ਹੈ ਕਿ ਭਾਰਤ ਵਿਚ ਸਿਖ ਘੱਟ ਗਿਣਤੀ ਦੇ ਲੋਕਾਂ ਨਾਲ ਨਵੰਬਰ ਵਿਚ ਬਹੁਤ ਜ਼ਿਆਦਤੀ ਹੋਈ ਹੈ ਤੇ ਕਮਅਜ਼ਕਮ ਇਸ ਜ਼ਿਆਦਤੀ ਕਰਨ ਵਾਲੇ ਲੋਕਾਂ ਨੂੰ ਵਡੀ ਵਜ਼ੀਰੀ ਵਿਚ ਸ਼ਾਮਿਲ ਨਹੀਂ ਕੀਤਾ ਜਾਣਾ ਚਾਹੀਦਾ ਸੀ ਤੇ ਪਾਰਲੀਮੈਂਟ ਵਿਚ ਵੀ ਇਹਨਾਂ ਮਾਰੇ ਗਏ ਸਿਖਾਂ ਨਾਲ ਹਮਦਰਦੀ ਦਾ ਮਤਾ ਜ਼ਰੂਰ ਆਉਣਾ ਚਾਹੀਦਾ ਸੀ ਤਾਂ ਝੱਟ ਇਹ ਆਖਿਆ ਜਾਂਦਾ ਹੈ ਕਿ ਇਹ ਤਾਂ ਭੂਤਰੇ ਹੀ ਬਹੁਤੇ ਸਨ, ਇਹਨਾਂ ਨੂੰ ਸਬਕ ਸਿਖਾਇਆ ਹੀ ਜਾਣਾ ਚਾਹੀਦਾ ਸੀ। **ਇਹ ਬੇਦਲੀਲਾਪਨ ਸਾਡੇ ਵਿਚੋਂ ਮਨੁੱਖਤਾ ਨੂੰ ਹੌਲੇ ਹੌਲੇ ਘੁੰਣ ਵਾਕੁਨ ਖਾਈ ਜਾ ਰਿਹਾ ਹੈ।** ਅਸੀਂ ਇਹਦੇ ਭਿਆਨਕ ਨਤੀਜੇ ਭੋਗ ਰਹੇ ਹਾਂ।

o ਸਾਨੂੰ ਅਪਣੇ ਦਿਮਾਗ ਵਿਚੋਂ ਇਹ ਗੱਲ ਕੱਢ ਦੇਣੀ ਚਾਹੀਦੀ ਹੈ ਕਿ ਪੰਜਾਬ ਜਿਹੜਾ ਸੰਤਾਪ ਭੋਗ ਰਿਹਾ ਹੈ, ਇਹਦਾ ਬਾਕੀ ਭਾਰਤ ਤੇ ਵੀ ਬੜਾ ਅਸਰ ਪੈ ਰਿਹਾ ਹੈ। ਸਿਆਸੀ ਪਾਰਟੀਆਂ ਜਾਂ ਕੌਮੀ ਪੱਧਰ ਦੀਆਂ ਅਖਬਾਰਾਂ ਭਾਵੇਂ ਜਿਨਾਂ ਮਰਜ਼ੀ ਰੌਲਾ ਪਾਂਦੀਆਂ ਰਹਿਣ, ਪੰਜਾਬ ਤੋਂ ਬਾਹਰ ਭਾਰਤ ਦੇ ਲੋਕਾਂ ਦੀ ਸਿਹਤ ਨੂੰ ਰੱਤਾ ਜਿਨਾ ਵੀ ਫਰਕ ਨਹੀਂ ਪੈਂਦਾ। (ਸਿਵਾਏ ਬਾਹਰ ਵਸਦੀ ਸਿਖ ਵਸੋਂ ਤੇ ਜਿਨ੍ਹਾਂ ਦੀ ਜਾਨ ਪੰਜਾਬ ਵਾਪਰੀ ਹਰ ਘਟਨਾ ਤੋਂ ਬਾਅਦ ਸੂਲੀ ਤੇ ਟੰਗੀ ਜਾਂਦੀ ਹੈ ਜਿਸ ਤਰ੍ਹਾਂ ਪੰਜਾਬ ਵਿਚ ਵਸਦੀ ਹਿੰਦੂ ਵਸੋਂ ਦੀ ਟੰਗੀ ਜਾਂਦੀ ਹੈ।) ਸਾਡੇ ਅਪਣੇ ਪੰਜਾਬ ਦੇ ਲੋਕ ਭਾਵੇਂ ਉਹ ਬਾਹਰ ਵਸਦੇ ਸਿੱਖ ਹਨ ਜਾਂ ਇਥੇ ਵਸਦੇ ਹਿੰਦੂ ਹਨ ਇਸ ਤਰ੍ਹਾਂ ਅਪਣੇ ਹੀ ਲੋਕਾਂ ਦੀਆਂ ਕਾਰਵਾਈਆਂ ਕਰਕੇ 'ਕੁਰਬਾਨੀ ਦੇ ਬਕਰੇ' ਵਾਲੀ ਹਾਲਤ ਵਿਚ ਪੁਜ ਜਾਣ ਇਹ ਸ਼ਰਮ ਦੀ ਗੱਲ ਹੈ। ਇਸਦਾ ਫਿਕਰ ਸਾਨੂੰ ਹੀ ਹੋਣਾ ਚਾਹੀਦਾ ਹੈ। ਹੋਰ ਕਿਸੇ ਨੂੰ ਨਹੀਂ ਹੋਵੇਗਾ। **ਪੰਜਾਬ ਉਜੜਦਾ ਹੈ ਅਸੀਂ ਹੀ ਉਜਾੜਦੇ ਹਾਂ।** ਹੋਰ ਕੋਈ ਨਹੀਂ ਉਜਾੜਦਾ, ਇਸ ਬਾਰੇ ਬਿਲਕੁਲ ਹੀ ਸਪੱਸ਼ਟ ਹੋ ਜਾਣਾ ਚਾਹੀਦਾ ਹੈ।

o ਅਸੀਂ ਸਮਝਦਾਰ ਹੁੰਦੇ ਹੋਏ ਵੀ ਮੂਰਖ ਕਿਉਂ ਬਣ ਜਾਂਦੇ ਹਾਂ, ਬੇਦਲੀਲੇ ਕਿਉਂ ਬਣ ਜਾਂਦੇ ਹਾਂ। ਇਹ ਸੋਚਣ ਵਾਲੀ ਗੱਲ ਹੈ। ਬਹੁਤ ਹੀ ਸੋਚਣ ਵਾਲੀ ਗੱਲ ਹੈ, ਇਸਦੀ ਜੜ੍ਹ **ਧਾਰਮਕ ਸ਼ਾਵਨਵਾਦ** ਹੈ। ਹਰ ਧਰਮ ਦੀ ਮੁੱਢਲੀ ਸਚਾਈ ਕੋਈ ਵੀ ਹੋਵੇ ਪਰ ਇਕ ਖ਼ਤਰਨਾਕ ਰੁੱਚੀ ਹਰ ਧਰਮ ਦੇ ਪੈਰੋਕਾਰਾਂ ਵਿਚ ਪਾਈ ਜਾਂਦੀ ਹੈ, ਉਹ ਰੁੱਚੀ ਇਹ ਮੰਨਕੇ ਤੁਰਨਾ ਹੈ ਕਿ ਸਾਡੇ ਧਰਮ ਕੋਲ ਹੀ ਆਖਰੀ ਸਚਾਈ ਹੈ। ਹਰ ਇਕ ਧਰਮ ਵੱਧ ਫੁੱਲ ਤਾਂ ਹੀ ਸਕਦਾ ਹੈ ਜੇਕਰ ਉਹ ਦੂਜੇ ਧਰਮ ਦੇ ਕਿਸੇ ਨਾ ਕਿਸੇ ਪੱਖ ਨੂੰ ਕਾਟ ਕਰਦਾ ਹੈ। ਇਹ ਸੋਚਣੀ ਸਾਡੇ ਵਿਚ ਤੁੱਅਸਬ ਪੈਦਾ ਕਰਦੀ ਹੈ। ਸਾਡੀ ਦਲੀਲ ਦੀ ਸੋਚਣੀ ਨੂੰ ਧੁੰਦਲਾ ਕਰਦੀ ਹੈ। ਅਸੀਂ ਸੌ ਵਾਰੀ ਦੁਹਰਾਈਏ ਕਿ ਮਜ਼ਹਬ ਨਹੀਂ ਸਿਖਾਤਾ ਆਪਸ ਵਿਚ ਵੈਰ ਰਖਣਾ ਪਰ ਇਤਹਾਸ ਤੇ ਨਿਗਾਹ ਮਾਰੀਏ ਤਾਂ ਮਜ਼ੂਬ ਹੀ ਸਾਰੀਆਂ ਲੜਾਈਆਂ ਦੀ ਜੜ੍ਹ ਹੋ ਕੇ ਨਿਬੜਦਾ ਹੈ ਭਾਵੇਂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੁੱਖ ਦੇ ਵਿਕਾਸ ਵਿਚ ਧਾਰਮਕ ਅਕੀਦਿਆਂ ਨੇ ਬੜੀ ਵਾਰੀ ਹਾਂ-ਪੱਖੀ ਭੂਮਿਕਾ ਵੀ ਨਿਭਾਈ ਹੈ। ਸਾਡੇ ਲਈ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਕਿਉਂ ਐਸੇ ਅਕੀਦੇ ਨਾਲ ਚਮੜੇ ਰਹੀਏ ਜਿਹੜਾ ਦੋ ਧਾਰੀ ਹੈ। ਅੱਜ ਮਨੁੱਖਤਾ ਦਾ ਇਕ ਨਵਾਂ ਅਕੀਦਾ ਪੈਦਾ ਹੋਣਾ ਚਾਹੀਦਾ ਹੈ ਜਿਸ ਵਿਚ ਦਲੀਲ ਹੋਵੇ ਤੇ ਜਿਸ ਵਿਚ ਹੌਸਲਾ ਹੋਵੇ ਕਿ ਉਹ ਬੇਦਲੀਲੀ ਗੱਲ ਨੂੰ ਰੱਦ ਕਰ ਸਕਦਾ ਹੋਵੇ, ਇਹ ਅਕੀਦਾ ਭਾਵੇਂ ਧਾਰਮਕ ਫਲਸਫੇ ਤੋਂ (ਧਰਮ ਤੋਂ ਨਹੀਂ, ਜਿਸ ਨੇ ਫਲਸਫੇ ਨੂੰ ਖਾਹਮਖ਼ਾਹ ਰੀਤੀਆਂ ਦੀ ਸ਼ਕਲ ਦਿਤੀ ਹੋਈ ਹੈ) ਤੇ ਭਾਵੇਂ ਵਿਗਿਆਨਿਕ ਸੋਚਣੀ ਤੋਂ ਆਂਦਾ ਹੋਵੇ, ਅਪਣਾਉਣਾ ਚਾਹੀਦਾ ਹੈ।

o ਪੰਜਾਬ ਦੇ ਮੱਸਲੇ ਦੇ ਕਈ ਪਹਿਲੂ ਹਨ। ਇਹ ਆਰਥਕ ਵੀ ਹਨ, ਸਭਿਆਚਾਰਕ ਵੀ ਹਨ ਤੇ ਸੰਸਾਰ ਸਿਆਸਤ ਦਾ ਹਿੱਸਾ ਵੀ ਹਨ। ਇਹ ਹੱਲ ਹੋਣਗੇ। ਬੜੀ ਵਾਰ ਲੰਮੇ ਸੰਘਰਸ਼ ਵੀ ਹੋਣਗੇ, ਪਰ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਦਲੀਲ ਦਾ ਪੱਲਾ ਨਾ ਛੱਡੀਏ। ਧਾਰਮਕ ਸ਼ਾਵਨਵਾਦ ਤੋਂ ਉਤੇ ਹੋਕੇ ਨਿਰਪੱਖ ਗੱਲ ਕਰੀਏ। ਗਲਤ ਕਾਰਵਾਈਆਂ ਦੇ ਖਿਲਾਫ਼ ਸ਼ਕਤੀਸ਼ਾਲੀ ਰਾਏਆਮਾ ਬਣਾਈਏ ਭਾਵੇਂ ਉਹ ਕਿਸੇ ਵੀ ਧਿਰ ਵਲੋਂ ਕੀਤੀ ਜਾਂਦੀ ਹੈ। ਤਰਕ ਅਤੇ ਸਿਰਫ ਤਰਕ ਵਿਚ ਸਾਡੀ ਮੁਕਤੀ ਹੈ, ਹੋਰ ਕੋਈ ਰਾਹ ਨਹੀਂ।

o ਇਹ ਰਾਏਆਮਾ ਕਿਸ ਤਰ੍ਹਾਂ ਬਣਾਈ ਜਾਏ? ਆਮ ਗੱਲਬਾਤ ਵਿਚ, ਸੱਥ ਵਿਚ ਬੈਠੇ ਗਲਬਾਤ ਵਿਚ ਜਲਸੇ ਕਰਕੇ, ਰੈਲੀਆਂ-

ਕਰਕੇ, ਨਾਟਕ ਕਰਕੇ, ਗੋਸ਼ਟੀਆਂ ਕਰਕੇ ਇਹ ਸਭ ਕੁਝ ਕੀਤਾ ਜਾਏ। ਸਾਡੇ ਬਹੁਤ ਸਾਰੇ ਦੋਸਤ ਪਹਿਲੋਂ ਹੀ ਇਸ ਵਿਚ ਯਤਨਸ਼ੀਲ ਹਨ। ਉਹਨਾਂ ਨੂੰ ਸਹਿਯੋਗ ਦੇਈਏ। ਪਰ ਪਾਖੰਡੀਆਂ ਤੋਂ ਬਚੀਏ। ਕਾਂਗਰਸ ਵਾਲੇ ਜੇਕਰ ਕੋਈ ਏਕਤਾ ਦੀ ਗੱਲ ਕਰਦੇ ਹਨ ਤਾਂ ਇਹ ਪਖੰਡ ਹੈ, ਕਿਉਂ-ਕਿ ਉਹੀ ਦੇਸ਼ ਪੱਧਰ ਤੇ ਇਹ ਏਕਤਾ ਤੋੜਣ ਦੇ ਜ਼ਿੰਮੇਦਾਰ ਹਨ। ਅਕਾਲੀ ਵੀ ਇਹ ਹੱਕ ਗਵਾ ਬੈਠੇ ਹਨ। ਕੁਰਸੀਆਂ ਦੇ ਲਾਲਚ ਵਿਚ ਉਹਨਾਂ ਦੀਆਂ ਸਾਰੀਆਂ ਬੇਅਸੂਲੀਆਂ ਨੰਗੀਆਂ ਹੋ ਗਈਆਂ ਹਨ। ਹੋਰਨਾਂ ਨਾਲ ਰਲਕੇ ਸਿਆਣੇ ਬਣਕੇ ਅਪਣੇ ਬਣਦੇ ਫਰਜ਼ ਨੂੰ ਪੂਰਾ ਕਰੀਏ। ਇਹ ਅੱਜ ਦੀ ਲੋੜ ਹੈ।/ਗੁਰਸ਼ਰਨ ਸਿੰਘ

o

## ਸੰਪਾਦਕੀ ਟਿਪਣੀਆਂ

### o ਘੱਟ ਗਿਣਤੀ ਦੇ ਲੋਕਾਂ ਦੀ ਕਲਚਰ ਨੂੰ ਬਚਾਉਣ ਦੇ ਸਮਰਥਕ ਹੋਣ ਦਾ ਇਹ ਮਤਲਬ ਨਹੀਂ ਕਿ ਘੱਟ ਗਿਣਤੀ ਦੇ ਲੋਕਾਂ ਦੇ ਕਲਚਰ ਦੀਆਂ ਰੂੜੀਵਾਦੀ ਕਦਰਾਂ ਕੀਮਤਾਂ ਦਾ ਸਮਰਥਕ ਹੋਇਆ ਜਾਏ

ਭਾਰਤ ਦੀ ਜਮਹੂਰੀ ਲਹਿਰ ਨਾਲ ਸਬੰਧਤ ਅਸੀਂ ਲੋਕ ਸੁਹਿਰਦ ਦਿਲਚਸਪੀ ਰਖਦੇ ਹਾਂ ਕਿ ਭਾਰਤ ਵਿਚ ਵਸਦੇ ਸਾਰੇ ਲੋਕ ਭਾਵੇਂ ਉਹ ਕਿਸੇ ਧਰਮ, ਫਿਰਕੇ ਜਾਂ ਕੌਮੀਅਤ ਨਾਲ ਸਬੰਧ ਰੱਖਦੇ ਹੋਣ, ਉਹ ਅਣਖ ਅਤੇ ਇੱਜ਼ਤ ਨਾਲ ਰਹਿਣ। ਘੱਟ ਗਿਣਤੀ ਵਾਲੇ ਲੋਕਾਂ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ ਉਤੇ ਬਹੁ ਗਿਣਤੀ ਵਾਲੇ ਲੋਕ ਆਪਣੇ ਸਭਿਆਚਾਰ ਰਾਹੀਂ ਹਾਵੀ ਨਾ ਹੋਣ। ਪਰ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਘੱਟ ਗਿਣਤੀ ਵਾਲੇ ਲੋਕਾਂ ਦੀ ਕਲਚਰ ਵਿਚ ਜੋ ਵੀ ਰੂੜੀਵਾਦੀ ਕਦਰਾਂ ਕੀਮਤਾਂ ਹੋਣ, ਉਹਨਾਂ ਦੇ ਵੀ ਸਮਰਥਕ ਹੋਈਏ, ਉਹ ਕਦਰਾਂ ਕੀਮਤਾਂ ਜੋ ਅੱਜ ਦੀ ਸੂਝ ਅਨੁਸਾਰ ਮਾਨਵਵਾਦੀ ਅਸੂਲਾਂ ਦੇ ਉਲਟ ਹਨ। ਇਸ ਸਿਲਸਿਲੇ ਵਿਚ ਮੁਸਲ-ਮਾਨ ਔਰਤਾਂ ਦੇ ਮਾਨਵਵਾਦੀ ਹੱਕਾਂ ਦੀ ਗੱਲ ਕਰਨੀ ਜ਼ਰੂਰੀ ਹੈ। ਸ਼ਰੀਅਤ ਦੇ ਕਾਨੂੰਨ ਜੋ ਛੇਵੀਂ ਸਦੀ ਵਿਚ ਬਣਾਏ ਗਏ, ਉਹ ਔਰਤਾਂ ਦੇ ਹੱਕਾਂ ਬਾਰੇ ਬੜਾ ਨਾ-ਪੱਖੀ ਰਵੱਈਆ ਰੱਖਦੇ ਹਨ, ਇਸ ਲਈ ਅੱਜ ਦੇ ਸੰਦਰਭ ਵਿਚ ਉਹਨਾਂ ਵਿਚ ਤਬਦੀਲੀ ਜ਼ਰੂਰੀ ਹੈ। ਇਸ ਤਬਦੀਲੀ ਵਾਲੇ ਅਮਲ ਵਿਚ ਬਹੁਗਿਣਤੀ ਵਾਲੇ ਲੋਕਾਂ ਦੀ ਕਲਚਰ ਦਾ ਘੱਟ ਗਿਣਤੀ ਵਾਲੇ ਲੋਕਾਂ ਦੀ ਕਲਚਰ ਉਤੇ ਹਾਵੀ ਹੋਣ ਦਾ ਸਵਾਲ ਹੀ ਨਹੀਂ ਉਠਦਾ। ਪਰ ਸਾਡੇ ਕੁਝ ਇਨਕਲਾਬੀ ਸੋਚ ਵਾਲੇ ਲੋਕਾਂ ਨੂੰ ਇਸਨੂੰ ਖਾਮਖਾਹ ਹਿੰਦੂ ਸ਼ਾਵਨਵਾਦ ਨਾਲ ਜੋੜ ਲਿਆ ਹੈ। 'ਫਾਰ ਏ ਨਿਊ ਡੈਮੋਕਰੇਸੀ' ਵਿਚ ਲਿਖਦਿਆਂ ਭਾਸਕਰ ਨੰਦੀ ਅਤੇ ਸੰਤੋਸ਼ ਰਾਣਾ ਵਰਗੇ ਇਨਕਲਾਬੀ ਸੋਚ ਵਾਲੇ ਲੋਕਾਂ ਨੇ ਇਸ ਸਵਾਲ ਨੂੰ ਸਿਰ ਪਰਨੇ ਕਰਕੇ ਦਲੀਲ ਦਿਤੀ ਹੈ ਕਿ ਜਦੋਂ ਮੁਸਲਮਾਨ 'ਘੱਟ ਗਿਣਤੀ' ਵਾਲੇ ਲੋਕਾਂ ਦੀ ਕਲਚਰ ਮੁਕਾਉਣ ਲਈ ਭਾਰਤ ਵਿਚ 'ਹਰ ਇਕ ਲਈ ਇਕੋ ਜਿਹਾ ਕਾਨੂੰਨ' ਦੇ ਨਾਅਰੇ ਥੱਲੇ ਹਿੰਦੂ ਸ਼ਾਵਨਵਾਦੀਆਂ ਵਲੋਂ ਸਰਗਰਮ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਜਦੋਂ ਮੁਸਲਮਾਨਾਂ ਦੀ ਹੋਂਦ ਨੂੰ ਹੀ ਖਤਰਾ ਹੈ ਤਾਂ ਮੁਸਲਮਾਨ ਔਰਤਾਂ ਦੇ ਹੱਕ ਬਚਾਉਣ ਦੀ ਖਾਤਰ ਕੁਝ ਬੁਰਜੂਆ ਔਰਤਾਂ ਦੀਆਂ ਸੰਸਥਾਵਾਂ ਅਤੇ ਖੱਬੀ ਧਿਰ ਦੇ ਸਿਆਸਤਦਾਨਾਂ ਦਾ ਫਿਕਰਮੰਦ ਹੋਣਾ ਹਾਸੋਹੀਣੀ ਗੱਲ ਹੈ ਅਤੇ ਹਿੰਦੂ ਸ਼ਾਵਨਵਾਦੀਆਂ ਦਾ ਹੱਥ ਠੋਕਾ ਬਣਨਾ ਹੈ। ਆਪਣੀ ਲਿਖਤ ਵਿਚ ਉਹਨਾਂ ਨੇ ਸਿਰੀਨਗਰ ਵਿਚ ਹਿੰਦੂ ਵਿਰੋਧੀ ਦੰਗਿਆਂ ਦਾ ਵੀ ਜ਼ਿਕਰ ਕੀਤਾ ਹੈ। ਉਹਨਾਂ ਦਾ ਗਿਲਾ ਹੈ ਕਿ ਭਵੰਡੀ, ਮੇਰਠ, ਨਾਗਪੁਰ, ਹੈਦਰਾਬਾਦ ਜਦੋਂ ਮੁਸਲਮਾਨ ਵਿਰੋਧੀ ਦੰਗੇ ਹੁੰਦੇ ਹਨ ਤਾਂ ਕੌਮੀ ਪ੍ਰੈਸ ਲਈ ਸਿਰਫ ਇਹ ਖਬਰ ਹੁੰਦੀ ਹੈ, ਫਿਕਰ ਵਾਲੀ ਗੱਲ ਨਹੀਂ ਹੁੰਦੀ ਪਰ ਸਿਰੀਨਗਰ ਜੇਕਰ ਦੰਗੇ ਹੋ ਜਾਣ ਤਾਂ ਸਾਰਾ ਕੌਮੀ ਪ੍ਰੈਸ ਪਿੱਟ ਉਠਦਾ ਹੈ। ਭਾਸਕਰ ਨੰਦੀ ਅਤੇ ਸੰਤੋਸ਼ ਰਾਣਾ ਦੀ ਕੌਮੀ ਪ੍ਰੈਸ ਵਿਰੁਧ ਸ਼ਕਾਇਤ ਜਾਇਜ਼ ਹੈ ਪਰ ਇਹਦਾ ਇਹ ਮਤਲਬ ਨਹੀਂ ਕਿ ਉਹ ਆਪਣੇ ਵਿਸ਼ਲੇਸ਼ਣ ਵਿਚ ਪੱਖਵਾਦੀ ਹੋ ਜਾਣ। ਫਿਰਕੂ ਫਸਾਦ, ਜਿਸ ਵਿਚ ਸਾਧਾਰਨ ਲੋਕ ਮਾਰੇ ਜਾਂਦੇ ਹਨ, ਭਾਵੇਂ ਉਹ ਹਿੰਦੂ ਹੋਣ ਜਾਂ ਮੁਸਲਮਾਨ ਹੋਣ, ਇਹਨਾਂ ਫਸਾਦਾਂ ਦੀ ਨਿਖੇਧੀ ਕਰਨਾ ਹੀ ਸਾਡਾ ਫਰਜ਼ ਹੈ। ਇਹ ਕਿਸੇ ਪੱਖੋਂ ਵੀ ਜਾਇਜ਼ ਨਹੀਂ ਠਹਿਰਾਏ ਜਾ ਸਕਦੇ। ਇਹਨਾਂ ਬਾਰੇ 'ਪਹਿਲੋਂ ਕਿੰਨੇ ਕੀਤਾ ? ਪਿਛੋਂ ਕਿੰਨੇ ਕੀਤਾ ?' ਵਾਲੀ ਬਹਿਸ ਵਿਚ ਨਹੀਂ ਪਿਆ ਜਾ ਸਕਦਾ। ਮੁਸਲਮਾਨ ਔਰਤਾਂ ਦੇ ਹੱਕਾਂ ਦੀ ਗੱਲ ਕਰਨੀ ਜਿਸਨੂੰ ਹਾਸੋਜਨਕ ਕਿਹਾ ਗਿਆ ਹੈ ਹਾਸੋਜਨਕ ਨਹੀਂ ਇਹ ਬੁਨਿਆਦੀ ਗੱਲ ਹੈ। ਘੱਟ ਗਿਣਤੀ ਦੇ ਲੋਕਾਂ ਦੀ ਕਲਚਰ ਨੂੰ ਬਚਾਉਣ ਦੇ ਹਿਮੈਤੀ ਹੋਣ ਦਾ ਇਹ ਮਤਲਬ ਨਹੀਂ ਕਿ ਤੁਸੀਂ ਇਸਲਾਮੀ ਮੂਲਵਾਦੀਆਂ ਦੀ ਝੋਲੀ ਵਿਚ ਜਾ ਡਿਗੋ ਤੇ ਮੌਲਾਣਿਆਂ ਦੇ ਹਿਮੈਤੀ ਹੋ ਜਾਵੋ। ਇਥੇ ਤੁਹਾਨੂੰ ਚੋਣ ਕਰਨੀ ਹੀ ਪਵੇਗੀ। ਇਸੇ ਤਰ੍ਹਾਂ ਦਾ ਇਕ ਰੁਝਾਣ ਪੰਜਾਬ ਤੋਂ ਬਾਹਰ ਦੇ ਇਨਕਲਾਬੀਆਂ ਵਿਚ 1983-84 ਵਿਚ ਭਿੰਡਰਾਂਵਾਲਾ ਬਾਰੇ ਵੀ ਹੋ ਗਿਆ ਸੀ ਤੇ 'ਕਾਮਰੇਡ ਭਿੰਡਰਾਂਵਾਲਾ ਨੂੰ ਲਾਲ ਸਲਾਮ' ਦੇ ਨਾਅਰੇ

ਵੀ ਹੈਦਰਾਬਾਦ ਦੀਆਂ ਦੀਵਾਰਾਂ ਤੇ ਲਿਖੇ ਗਏ ਸਨ। ਉਹਨਾਂ ਇਨਕਲਾਬੀ ਗਰੁੱਪਾਂ ਵਲੋਂ ਇਹ ਦਲੀਲ ਦਿਤੀ ਗਈ ਸੀ ਕਿਉਂਕਿ ਭਿੰਡਰਾਂਵਾਲਾ ਉਸ ਸੰਘਰਸ਼ ਦੀ ਅਗਵਾਈ ਕਰ ਰਿਹਾ ਹੈ ਜੋ ਸਿੱਖ ਘੱਟ ਗਿਣਤੀ ਵਲੋਂ ਹਿੰਦੂ ਬ੍ਰਾਹਮਣਵਾਦ ਦੇ ਵਿਰੋਧ ਵਿਚ ਆਪਣੀ ਕਲਚਰ ਬਚਾਉਣ ਲਈ ਕੀਤਾ ਜਾ ਰਿਹਾ ਹੈ, ਇਸ ਲਈ ਇਹਦਾ ਸਮਰਥਕ ਹੋਣਾ ਜ਼ਰੂਰੀ ਹੈ। ਉਸ ਵੇਲੇ ਪੰਜਾਬ ਦੇ ਇਨਕਲਾਬੀ ਹਲਕਿਆਂ ਵਲੋਂ ਪੰਜਾਬ ਦੇ ਬਾਹਰ ਇਨਕਲਾਬੀ ਗਰੁੱਪਾਂ ਦੀ ਸੋਚ ਦਾ ਸਹੀ ਤੌਰ ਤੇ ਨੋਟਿਸ ਲਿਆ ਗਿਆ ਅਤੇ ਭਿੰਡਰਾਂਵਾਲਾ ਤਹਿਰੀਕ ਦਾ ਧਾਰਮਕ ਮੂਲਵਾਦੀ ਰੰਗ ਜੋ ਬੁਨਿਆਦੀ ਤੌਰ ਤੇ ਹਰ ਕਿਸਮ ਦੀ ਸਮਾਜਕ ਤਬਦੀਲੀ ਦੇ ਵਿਰੁਧ ਹੈ, ਆਪਣੇ ਇਨਕਲਾਬੀ ਦੋਸਤਾਂ ਨੂੰ ਸਮਝਾਇਆ ਗਿਆ। ਧਾਰਮਕ ਮੂਲਵਾਦੀ ਭਾਵੇਂ ਉਹ ਹਿੰਦੂ ਹੋਣ, ਮੁਸਲਮਾਨ ਹੋਣ, ਸਿੱਖ ਹੋਣ, ਇਸਾਈ ਹੋਣ ਹਰ ਉਸ ਗੱਲ ਦੇ ਵਿਰੁੱਧ ਹਨ ਜੋ ਮਨੁੱਖ ਦੀ ਤਰੱਕੀ ਨਾਲ ਜੋੜਿਆ ਜਾਂਦਾ ਹੈ। ਮੁਸਲਮਾਨ ਔਰਤਾਂ ਲਈ ਇਨਸਾਫ ਲਈ ਲੜਦੇ ਲੜਦੇ ਸਾਨੂੰ ਉਸ ਸੰਘਰਸ਼ ਨੂੰ ਨਿਖਾਰ ਕੇ ਇਸ ਤਰ੍ਹਾਂ ਪੇਸ਼ ਕਰਨਾ ਚਾਹੀਦਾ ਹੈ ਕਿ ਸਮੁੱਚੇ ਭਾਰਤੀ ਕਾਨੂੰਨ ਵਿਚ ਔਰਤਾਂ ਦੇ ਹੱਕ ਬਾਰੇ ਕੋਈ ਨੁਕਸਦਾਰ ਮੱਦ ਹਨ ਤਾਂ ਉਹ ਨੁਕਸ ਦੂਰ ਕੀਤੇ ਜਾਣ। ਸਾਡੇ ਕੁਝ ਇਨਕਲਾਬੀ ਦੋਸਤ ਅਤੇ ਕੁਝ ਔਰਤਾਂ ਦੀਆਂ ਸੰਸਥਾਵਾਂ ਵੀ 'ਘੱਟ ਗਿਣਤੀ ਦੇ ਲੋਕਾਂ ਦੀ ਕਲਚਰ ਨੂੰ ਬਚਾਓ' ਦੇ ਨਾਂ ਥੱਲੇ ਮੁਸਲਮਾਨ ਔਰਤਾਂ ਦੇ ਬੁਨਿਆਦੀ ਮਨੁੱਖੀ ਹੱਕਾਂ ਦੇ ਪੱਖ ਵਿਚ ਬੋਲਣ ਤੋਂ ਸੰਕੋਚ ਕਰ ਗਏ ਹਨ। ਇਹ ਦੁਖਦਾਇਕ ਗੱਲ ਹੈ।

## o ਪੰਜਾਬੀ ਪਤ੍ਰਕਾਰੀ ਵਿਚ ਤਰਕਸ਼ੀਲ ਪਰਚੇ ਦਾ ਪ੍ਰਵੇਸ਼

ਇਕ ਯੁੱਗ ਵਿਚ ਪੁਛਿਆ ਗਿਆ 'ਮਨੁੱਖ ਮੁਕਤੀ ਕਿਸ ਤਰ੍ਹਾਂ ਪਾਏ?' ਰਾਹ ਦਸਿਆ ਗਿਆ 'ਦਾਨ ਦੇਵੋ, ਤਿਆਗ ਕਰੋ, ਪ੍ਰਭੂ ਦਾ ਨਾਮ ਲਵੋ, ਉਹਦੀ ਸ਼ਕਤੀ ਤੋਂ ਡਰੋ, ਉਹੀ ਸਭ ਦਾ ਪਾਲਣਹਾਰ ਹੈ, ਉਹੀ ਸਭ ਦਾ ਸਿਰਜਹਾਰ ਹੈ ਆਦਿਕ, ਪਰ ਅਜ ਇਹ ਸਭ ਕੁਝ ਮਨੁੱਖ ਦੀ ਤਸੱਲੀ ਨਹੀਂ ਕਰਵਾਉਂਦਾ। ਅਜ ਦਾ ਮਨੁੱਖ ਤਾਂ ਉਸ ਸਮਾਜ ਦਾ ਸਿਰਜਨਹਾਰ ਬਣਨਾ ਚਾਹੁੰਦਾ ਹੈ ਜਿਸ ਸਮਾਜ ਵਿਚ ਕੁਝ ਕੁ ਕੋਲ ਏਨਾ ਵੱਧ ਨਾ ਹੋਵੇ ਕਿ ਉਹਨਾਂ ਨੂੰ ਮੁਕਤੀ ਲਈ ਦਾਨ ਦੇਣਾ ਪਵੇ ਤਾਂ ਨਾਂ ਹੀ ਬਹੁਤੇ ਏਨੇ ਖਾਲੀ ਹੋਣ ਕਿ ਉਹਨਾਂ ਨੂੰ ਦਾਨ ਦਾ ਪਾਤਰ ਬਣਨਾ ਪਵੇ। ਤਿਆਗ ਮਨੁੱਖ ਦੀ ਮੁਕਤੀ ਦਾ ਰਾਹ ਨਹੀਂ ਕਿਉਂਕਿ ਬੁਨਿਯਾਦੀ ਤੌਰ ਤੇ ਉਸ ਵਿਚ ਜ਼ਿੰਦਗੀ ਜੀਣ ਦੀ ਚਾਹ ਹੈ, ਉਹ ਆਪਣੇ ਜੀਵਨ ਦੀ ਵਾਗਡੋਰ ਕਿਸੀ ਅਦਿੱਖ ਸ਼ਕਤੀ ਦੇ ਹੱਥ ਨਹੀਂ ਫੜਾ ਸਕਦਾ। ਉਹ 'ਸ਼ੁਕਰ ਹੈ' 'ਸ਼ੁਕਰ ਹੈ' ਕਰਦਾ ਜਬਰ ਨੂੰ ਬਰਦਾਸ਼ਤ ਨਹੀਂ ਕਰ ਸਕਦਾ, ਉਹ ਅੰਧ ਵਿਸ਼ਵਾਸ਼ ਦਾ ਧਾਰਨੀ ਨਹੀਂ ਹੈ। ਇਸ ਲਈ ਅਜ ਮੁਕਤੀ ਦਾ ਰਾਹ ਸਿਰਫ ਦਲੀਲ ਵਿਚ ਹੈ, ਤਰਕ ਵਿਚ ਹੈ ਜਿਸ ਰਾਹੀਂ ਆਲੇ ਦੁਆਲੇ ਨੂੰ ਘੋਖਿਆ ਜਾਂਦਾ ਹੈ ਤੇ ਉਸ ਨੂੰ ਬਦਲਨ ਦਾ ਉਪਰਾਲਾ ਕੀਤਾ ਜਾਂਦਾ ਹੈ। ਅਜ ਦਾ ਯੁੱਗ ਤਰਕ ਦਾ ਯੁੱਗ ਹੈ। ਤਰਕਸ਼ੀਲ ਲਹਿਰ ਅਜ ਦੇ ਯੁੱਗ ਦੀ ਲਹਿਰ ਹੈ। ਜਿਹੜੇ ਲੋਕ ਕਹਿੰਦੇ ਨੇ ਅਜ ਦੀ ਦੁਨੀਆਂ ਵਿਚ ਕਲੇਸ਼ ਬਹੁਤ ਵੱਧ ਗਿਆ ਹੈ, ਅਜ ਮਨੁੱਖ ਨੂੰ ਸ਼ਾਂਤੀ ਨਹੀਂ ਚੈਨ ਨਹੀਂ। ਉਹਨਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਕਲੇਸ਼ ਅਤੇ ਅਸ਼ਾਂਤੀ ਪਿਛੇ ਵੀ ਇਕ ਤਰਕ ਹੈ, ਅਜ ਮਨੁੱਖ ਭਾਣਾਂ ਮੰਨਕੇ ਸਭ ਅਨਿਆਂ ਨਹੀਂ ਬਰਦਾਸ਼ਤ ਕਰ ਸਕਦਾ। ਉਹ ਅਸਤੁੰਸ਼ਟ ਹੈ। ਇਹ ਅਸਤੁੰਸ਼ਟਤਾ ਇਕ ਹਾਂ ਪੱਖੀ ਰੁਝਾਣ ਹੈ। ਸਾਨੂੰ ਇਸ ਨੂੰ ਜੀ ਆਇਆਂ ਆਖਣਾ ਚਾਹੀਦਾ ਹੈ।

ਇਸ ਤਰਕ ਦੇ ਯੁੱਧ ਵਿਚ ਇਹ ਵਧੀਆ ਗਲ ਹੈ ਕਿ ਸਾਡੇ ਦਰਮਿਆਨ ਆਪਣੀ ਬੋਲੀ ਵਿਚ ਇਕ ਦੋ ਮਾਸਕ ਪਤ੍ਰ **ਤਰਕਸ਼ੀਲ** ਪਤ੍ਰਕਾਰੀ ਦੇ ਖੇਤ੍ਰ ਵਿਚ ਪ੍ਰਵੇਸ਼ ਕਰ ਗਿਆ ਹੈ, ਇਸ ਦਾ ਅੰਕ ਨੰ: *1* (ਮਈ ਜੂਨ *1986*) ਸਾਡੇ ਸਾਹਮਣੇ ਹੈ। ਇਹ ਰੈਸ਼ਨੇਲਿਸਟ ਸੋਸਾਇਟੀ ਪੰਜਾਬ ਦਾ ਬੁਲਾਰਾ ਹੈ। ਇਸ ਅੰਕ ਵਿਚ ਜਿਨ੍ਹਾਂ ਵਿਸ਼ਿਆਂ ਨੂੰ ਲਿਆ ਗਿਆ ਹੈ, ਉਹਨਾਂ ਵਿਚ ਰੈਸ਼ਨੇਲਿਸਟ ਸੋਸਾ-ਇਟੀ ਪੰਜਾਬ ਦਾ ਇਤਿਹਾਸ, ਰਾਹੁਲ ਸੰਕਰਤਾਇਨ ਦਾ ਧਰਮ ਬਾਰੇ ਲੇਖ, ਜਾਦੂ ਕਲਾ ਦੀ ਅਸਲੀਅਤ, ਬੋਦੀ ਵਾਲੇ ਤਾਰੇ ਬਾਰੇ ਵਿਗਿਆਨਿਕ ਜਾਣਕਾਰੀ, ਭੂਤਾਂ ਪ੍ਰੇਤਾਂ ਦਾ ਪਰਦਾ ਫਾਸ਼ ਕਰਦੀਆਂ ਰਿਪੋਰਟਾਂ ਅਤੇ ਧਾਰਮਕ ਰੀਤੀਆਂ ਦਾ ਬੇਦਲੀਲਾਪਨ ਆਦਿਕ ਸ਼ਾਮਲ ਹਨ। ਇਕੋ ਬੈਠਕ ਵਿਚ ਇਹ ਸਾਰਾ ਅੰਕ ਪੜ੍ਹਣ ਤੋਂ ਬਾਅਦ ਮੈਂ ਇਹ ਪ੍ਰਭਾਵ ਲਿਆ ਹੈ ਕਿ ਇਹ ਪਰਚਾ ਸਹਿਜੇ ਹੀ ਸਾਡੀ ਜਮਹੂਰੀ ਲਹਿਰ ਦੇ ਵਿਕਾਸ ਲਈ ਇੱਕ ਮਹੱਤਵ-ਪੂਰਣ ਭੂਮਿਕਾ ਨਿਭਾਵੇਗਾ। ਇਸ ਵਿਕਾਸ ਲਈ ਵਿਗਿ-ਆਨਕ ਸੂਝ ਹੀ ਵੱਡੀ ਜ਼ਾਮਨ ਹੈ। ਇਸ ਅੰਕ ਵਿਚ ਰਾਹੁਲ ਸੰਕਰਤਾਇਨ ਦਾ ਧਰਮ ਬਾਰੇ ਦਿਤੇ ਲੇਖ ਵਰਗਾ ਲੇਖ ਅਜ ਦੀ ਵੱਡੀ ਜ਼ਰੂਰਤ ਹੈ, ਇਸ ਲੇਖ ਵਿਚ ਧਰਮ ਦਾ ਬੇਤੁਕਾ-ਪਨ ਇਕੋ ਪੈਰੇ ਵਿਚ ਖੁਦੇੜ ਕੇ ਰਖ ਦਿੱਤਾ ਗਿਆ ਹੈ।

'ਉਂਜ ਤਾਂ ਸਾਰੇ ਧਰਮਾਂ ਵਿਚ ਆਪਸੀ ਮਤਭੇਦ ਹਨ, ਇਕ ਪੂਰਬ ਵੱਲ ਮੂੰਹ ਕਰਕੇ ਪੂਜਾ ਕਰਨ ਨੂੰ ਕਹਿੰਦਾ ਹੈ ਤੇ ਦੂਜਾ ਪੱਛਮ ਵਲ, ਇਕ ਸਿਰ ਤੇ ਕੁਝ ਵਾਲ ਵਧਾਉਣੇ ਚਾਹੁੰਦਾ ਹੈ ਤੇ ਦੂਜਾ ਦਾੜ੍ਹੀ, ਇਕ ਮੁੱਛਾਂ ਕਟਵਾਉਣ ਲਈ ਕਹਿੰਦਾ ਹੈ ਤਾਂ ਦੂਸਰਾ ਮੁੱਛਾਂ ਰਖਣ ਲਈ। ਇਕ ਜਾਨਵਰ ਨੂੰ ਹਲਾਲ ਕਰਨ ਲਈ ਕਹਿੰਦਾ

ਹੈ ਤੇ ਦੂਸਰਾ ਝੱਟਕੇ ਲਈ। ਇਕ ਕੁੜਤੇ ਦਾ ਗਲਾ ਸੱਜੇ ਪਾਸੇ ਰੱਖਦਾ ਹੈ ਤਾਂ ਦੂਸਰਾ ਖੱਬੇ ਪਾਸੇ। ਇਕ ਜੂਠ ਮੀਠ 'ਚ ਭੋਰਾ ਯਕੀਨ ਨਹੀਂ ਰਖਦਾ ਏ ਦੂਸਰੇ ਦੇ ਇਕ ਇਕ ਜ਼ਾਤ ਵਿਚ ਵੀ ਕਈ ਕਈ ਚੁਲ੍ਹ ਨੇ, ਜੇਕਰ ਇਕ ਖ਼ੁਦਾ ਦੇ ਨਾਮ ਤੋਂ ਬਿਨਾਂ ਹੋਰ ਕਿਸੇ ਦਾ ਵੀ ਨਾਮ ਦੁਨੀਆਂ ਵਿਚ ਨਹੀਂ ਰਹਿਣ ਦੇਣਾ ਚਾਹੁੰਦਾ ਤਾਂ ਦੂਸਰੇ ਦੇ ਆਪਣੇ ਦੇਵਤਿਆਂ ਦੀ ਗਿਣਤੀ ਕੋਈ ਨਹੀਂ ਹੁੰਦੀ। ਜੇਕਰ ਇਕ ਗਊ-ਰਖਿਆ ਲਈ ਆਪਣੀ ਜਾਨ ਤੱਕ ਦੇਣ ਲਈ ਕਹਿੰਦਾ ਹੈ ਤਾਂ ਦੂਜਾ ਗਊ ਦੀ ਕੁਰਬਾਨੀ ਨੂੰ ਵੱਡਾ ਪੁੰਨ ਸਮਝਦਾ ਹੈ, ...ਗਰੀਬਾਂ ਦੀ ਗਰੀਬੀ ਅਤੇ ਤੰਗੀ ਵਾਲੇ ਜੀਵਨ ਦਾ ਕੋਈ ਬਦਲ ਨਹੀਂ। ਹਾਂ! ਜੇਕਰ ਉਹ ਹਰ ਇਕਾਦਸੀ ਦੇ ਵਰਤ, ਹਰ ਰਮਜ਼ਾਨ ਤੇ ਰੋਜ਼ੇ ਅਤੇ ਸਾਰੇ ਤੀਰਥਾਂ ਦਾ ਅਸ਼ਨਾਨ, ਹੱਜ, ਜ਼ਿਆਰਤ ਬਿਨਾਂ ਨਾਗਾ ਪੂਰੇ ਧਿਆਨ ਨਾਲ ਕਰਦੇ ਰਹਿਣ, ਆਪਣਾ ਢਿਡ ਬੰਨ ਕੇ ਕਾਜ਼ੀ ਪਾਂਡਿਆਂ ਦਾ ਢਿਡ ਭਰਦੇ ਰਹਿਣ ਤਾਂ ਉਹਨਾਂ ਨੂੰ ਵੀ ਸਵਰਗ ਜਾਂ ਬਹਿਸ਼ਤ ਦੇ ਕਿਸੇ ਖਲ-ਖੂੰਜੇ ਦੀ ਕੋਠੜੀ ਅਤੇ ਬੱਚੀ ਖੁਚੀ ਹੂਰ ਪਰੀ ਵਗੈਰਾ ਮਿਲ ਜਾਏਗੀ ...ਧਰਮ ਅੰਧ ਵਿਸ਼ਵਾਸ਼ ਹੈ। ਅੰਧ ਵਿਸ਼ਵਾਸ਼ ਤਰਕ ਦਾ ਦੁਸ਼ਮਣ ਹੈ, ਮਨੁੱਖ ਦੀ ਤਰਕੀ ਲਈ ਧਰਮ ਇਕ ਵੱਡਾ ਰੋੜਾ ਹੈ। ਇਸਦੀ ਖੈ ਜ਼ਰੂਰੀ ਹੈ।'

ਵਧੀਆ ਦਿਖ ਵਾਲੇ ਪਰਚੇ 'ਤਰਕਸ਼ੀਲ' ਦੇ ਇਕ ਅੰਕ ਦਾ ਮੁੱਲ 3/- ਹੈ। 6 ਅੰਕਾਂ ਲਈ 15/- ਹੈ। ਪਰਬੰਧਕੀ ਪਤਾ ਸੰਪਾਦਕ ਤਰਕਸ਼ੀਲ ਪੋਸਟ ਬਾਕਸ ਨੰ: 48, ਕੋਟਕਪੂਰਾ-151204 ਹੈ। ਇਹ ਪਰਚਾ ਹਰ ਘਰ ਵਿਚ ਪੁਜਣਾ ਜ਼ਰੂਰੀ ਹੈ।

## ਪੋਸਟ ਸਕਰਿਪਟ

**੦ ਪੰਜਾਬ ਸਰਕਾਰ ਦੇ ਦੋ ਨਵੇਂ ਵਜ਼ੀਰ ਆਪਸ ਵਿਚ ਗੱਲਬਾਤ ਕਰ ਰਹੇ ਹਨ**

—ਬਰਨਾਲਾ ਬੜਾ ਵੱਡਾ ਸਿੱਖ ਏ।

—ਉਹ ਕਿਸ ਤਰ੍ਹਾਂ ?

—ਉਹ ਜੁੱਤੀਆਂ ਸਾਫ ਕਰਦਾ ਏ।

—ਫੇਰ ਅਸੀਂ ਉਸ ਤੋਂ ਵਡੇ ਸਿਖ ਹਾਂ।

—ਉਹ ਕਿਸ ਤਰ੍ਹਾਂ ?

—ਅਸੀਂ ਜੁੱਤੀਆਂ ਚੱਟਦੇ ਹਾਂ।

**੦ ਬਰਨਾਲਾ ਸਾਹਬ ਸੱਤ ਦਿਨ ਲਈ ਅਨੰਦਪੁਰ ਸਾਹਿਬ ਸੰਗਤ ਦੀਆਂ ਜੁੱਤੀਆਂ ਸਾਫ ਕਰਨਗੇ**

—ਬਰਨਾਲਾ ਸਾਹਬ ਚੰਡੀਗੜ੍ਹ ਤੋਂ ਰੋਜ਼ ਅਨੰਦਪੁਰ ਸਾਹਿਬ ਜਾਣਗੇ।

—ਹਾਂ

—ਨਾਲ ਹੋਰ ਵਜ਼ੀਰ ਵੀ ਹੋਣਗੇ।

—ਹਾਂ

—ਨਾਲ ਸਿਕਉਰਟੀ ਵੀ ਹੋਵੇਗੀ।

—ਹਾਂ

—ਕਿੰਨੀਆਂ ਕਾਰਾਂ ਦਾ ਕਾਫਲਾ ਹੋਵੇਗਾ ?

—ਘੱਟ ਤੋਂ ਘੱਟ 7 ਕਾਰਾਂ ਦਾ।

—ਅਨੰਦਪੁਰ ਤੋਂ ਚੰਡੀਗੜ੍ਹ ਦਾ ਰਾਹ ਕਿੰਨੇ ਕਿਲੋਮੀਟਰ ?

—ਪੱਕਾ ਪਤਾ ਨਹੀਂ ਪਰ 80 ਕਿਲੋਮੀਟਰ ਤੋਂ ਕੀ ਘੱਟ ਹੋਣੈ ?

—80 ਕਿਲੋਮੀਟਰ ਆਉਣ,80 ਕਿਲੋਮੀਟਰ ਜਾਣ, 7 ਕਾਰਾਂ ਇਕ ਲਿਟਰ ਤੇਲ ਵਿਚ,ਔਸਤਨ 8 ਕਿਲੋਮੀਟਰ ਸਫਰ, ਭਾਅ ਇਕ ਲਿਟਰ ਤੇਲ ਦਾ 7 ਰੁਪਏ ਦੇ ਕਰੀਬ, ਜੁੱਤੀਆਂ ਸਾਫ ਕਰਨ ਦਾ ਪ੍ਰਤੀ ਦਿਨ ਖਰਚ ?

—ਮੈਂ ਕੋਈ ਹਿਸਾਬ ਦਾ ਮਾਸਟਰ ਨਹੀਂ।

—ਪਰ ਕੀ ਇਹ ਜੁਤੀਆਂ ਚੰਡੀਗੜ੍ਹ, ਕਿਸੇ ਗੁਰ-ਦੁਆਰੇ ਨਹੀਂ ਸਾਫ ਹੋ ਸਕਦੀਆਂ ਸਨ ?

—ਨਹੀਂ

- ਕਿਉਂ ?

—ਕਿਉਂਕਿ ਅਨੰਦਪੁਰ ਸ਼ਾਹਿਬ ਦੀਆਂ ਜੁੱਤੀਆਂ ਇਤਿਹਾਸਕ ਹਨ।

**੦ ਦੋ ਬੱਬੇ**

ਇਕੋ ਬਾਗ ਵਿਚ ਦੋ ਬੱਬੇ ਯਾਨੀ ਦੋ ਬਿੱਲੇ ਆਪਸ ਵਿਚ ਲੜ ਰਹੇ ਸਨ। ਝਗੜਾ ਇਹੋ ਸੀ ਕਿ ਬਾਗ ਵਿਚ ਕਿਹੜਾ ਬਿੱਲਾ ਵੱਡਾ ਬਣ ਕੇ ਰਹੇ। ਲੋਕ ਆਲੇ ਦੁਆਲੇ ਖੜੇ ਇਸ ਲੜਾਈ ਨੂੰ ਦੇਖ ਰਹੇ ਸਨ। ਬਾਗ ਉਜੱੜ ਰਿਹਾ ਸੀ। ਬੂਟਿਆਂ ਤੇ ਸੋਹਣੇ ਫੁੱਲ ਟਾਹਣੀਆਂ ਤੋਂ ਡਿੱਗ ਰਹੇ ਸਨ। ਦਰੱਖਤਾਂ ਨਾਲ ਲੱਗੇ ਫੱਲ ਵੀ ਕੱਚੇ ਹੀ ਡਿੱਗੀ ਜਾ ਰਹੇ ਸਨ ਕਿਉਂਕਿ ਬਿੱਲੇ ਅਪਣੀ ਲੜਾਈ ਵਿਚ ਅੰਨ੍ਹੇ ਹੋਏ ਇਹ ਸਾਰਾ ਖਰੂਦ ਮਚਾ ਰਹੇ ਸਨ। ਬਾਗ ਉਜੜਦਾ ਦੇਖਕੇ ਲੋਕਾਂ ਕੋਲੋਂ ਰਿਹਾ ਨਾ ਗਿਆ। ਉਹਨਾਂ ਨੇ ਟੰਬੇ ਚੁੱਕ ਲਏ ਤੇ ਬਿੱਲਿਆਂ ਨੂੰ ਬਾਗ ਵਿਚੋਂ ਨਸਾ ਦਿਤਾ।

ਦੋ ਬੱਬੇ ਪੰਜਾਬ ਵਿਚ ਵੀ ਲੜ ਰਹੇ ਹਨ। ਝਗੜਾ ਹੈ ਕਿ ਕਦੀ ਇਕ ਵਡਾ ਬੱਬਾ ਹੁੰਦਾ ਸੀ, ਦੂਜਾ ਛੋਟਾ ਬੱਬਾ ਹੁੰਦਾ ਸੀ। ਹੁਣ ਛੋਟਾ ਬੱਬਾ ਦਾਅ ਲਗਾ ਕੇ ਵਡੇ ਬੱਬੇ ਦੀ ਥਾਂ ਬੈਠ ਗਿਆ ਹੈ। ਵੱਡੇ ਬੱਬੇ ਨੂੰ ਇਹ ਮਨਜ਼ੂਰ ਨਹੀਂ। ਪੰਜਾਬ ਉਜੜ ਰਿਹਾ ਹੈ। ਲੋਕ ਦੇਖ ਰਹੇ ਹਨ। ਉਹ ਟੰਬੇ ਕਦੋਂ ਚੁਕਣਗੇ ? ਸਮੇਂ ਨੂੰ ਇਹਦੀ ਉਡੀਕ ਹੈ। ੦

# ਇੱਕਵੀਂ ਸਦੀ

ਗੁਰਸ਼ਰਨ ਸਿੰਘ

ਇਹ ਨਾਟਕ ਅਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਇੱਕ ਨਾਟਕ ਵਰਕਸ਼ਾਪ ਵਿਚ ਤਿਆਰ ਕੀਤਾ ਗਿਆ। ਭਾਗ ਲੈਣ ਵਾਲੇ ਕਲਾਕਾਰ ਸਨ ਸਰਿੰਦਰ ਸੈਨੀ, ਕੇਵਲ ਧਾਲੀਵਾਲ, ਗੁਲਸ਼ਨ, ਜਸਵੰਤ ਜੱਸ ਅਤੇ ਸੁਖਦੇਵ। ਸੰਗੀਤ ਨੂੰ ਪਰਮਜੀਤ ਸਿੰਘ ਨੇ ਸੁਰਬੱਦ ਕੀਤਾ ਅਤੇ ਨਗਾਰੇ ਤੇ ਕ੍ਰਿਸ਼ਨ ਦਵੇਸਰ ਨੇ ਸਾਥ ਦਿਤਾ। ਇਸ ਨਾਟਕ ਦੀ ਪ੍ਰੋਸ਼ਕਸ਼ ਛੇ ਪਾਤਰਾਂ ਨਾਲ ਡੀਜ਼ਾਇਨ ਕੀਤੀ ਗਈ ਹੈ।

(ਨਗਾਰੇ ਦੀ ਠਾਪ ਤੇ ਚਾਰ ਪਾਤਰ ਮੰਚ ਤੇ ਪ੍ਰਵੇਸ਼ ਕਰਦੇ ਹਨ। ਚੱਕਰ ਲਗਾ ਕੇ ਇਕ ਕੰਪੋਜ਼ੀਸ਼ਨ ਵਿਚ ਖੁਲ੍ਹ ਜਾਂਦੇ ਹਨ।)

ਇਕ : ਵੀਹਵੀਂ ਸਦੀ ਹੈ ਜਾ ਰਹੀ
ਇਕਵੀਂ ਸਦੀ ਹੈ ਆ ਰਹੀ
ਮੌਤ ਤੇ ਜ਼ਿੰਦਗੀ ਦੀ ਲੜਾਈ
ਨਿਖਰ ਕੇ ਸਾਹਮਣੇ ਹੈ ਆ ਰਹੀ

ਦੋ : ਮਨੁੱਖ ਸੀ ਕਦੀ ਜ਼ਿੰਦਗੀ ਦਾ ਸਰਦਾਰ
ਦੁਨੀਆਂ ਵਿਚ ਵਾਪਰ ਰਹੀ ਹਰ ਘਟਨਾ ਦਾ ਕਿਰਦਾਰ
ਉਹਦੇ ਲਈ ਫੈਸਲੇ ਦੀ ਘੜੀ ਹੈ ਆ ਰਹੀ
ਵੀਹਵੀਂ ਸਦੀ ਹੈ ਜਾ ਰਹੀ ਇਕਵੀਂ ਸਦੀ ਹੈ ਆ ਰਹੀ

ਤਿੰਨ : ਸਾਇੰਸ ਜੋ ਸੀ ਮਨੁੱਖ ਦੀ ਕਾਢ
ਜਿਸਨੇ ਦਿਤਾ ਸੀ ਉਹਦਾ ਹਰ ਤਰੱਕੀ ਵਿਚ ਸਾਥ
ਉਹੀ ਹੋ ਕੇ ਉਹਦੀ ਜਾਨ ਲੇਵਾ,
ਹਰ ਦਿਸ਼ਾ ਵਿਚ ਫੈਲਦੀ ਜਾ ਰਹੀ
ਵੀਹਵੀਂ ਸਦੀ ਹੈ ਜਾ ਰਹੀ, ਇਕਵੀਂ ਸਦੀ ਹੈ ਆ ਰਹੀ

ਚਾਰ : ਕੀ ਮਨੁੱਖ ਕਰੇਗਾ ਇਹ ਚਣੌਤੀ ਕਬੂਲ
ਕੀ ਹੋਣੀ ਵਿਚੋਂ ਪਛਾਣੇਗਾ ਆਪਣਾ ਮੂਲ
ਇਹੋ ਗੱਲ ਸਵਾਲ ਬਣਕੇ ਸਾਹਮਣੇ ਹੈ ਆ ਰਹੀ
ਵੀਹਵੀਂ ਸਦੀ ਹੈ ਜਾ ਰਹੀ, ਇਕਵੀਂ ਸਦੀ ਹੈ ਆ ਰਹੀ

(ਨਗਾਰੇ ਦੀ ਠਾਪ ਤੇਜ਼ ਹੁੰਦੀ ਹੈ। ਪਾਤਰ ਇਧਰ ਉਧਰ ਤੇਜ਼ੀ ਨਾਲ ਹਰਕਤ ਕਰਦੇ ਹਨ, ਦੋ ਹੋਰ ਪਾਤਰ ਬਾਕੀ ਪਾਤਰਾਂ ਨਾਲ ਸ਼ਾਮਲ ਹੋ ਜਾਂਦੇ ਹਨ। ਠਾਪ ਜਦੋਂ ਬੰਦ ਹੁੰਦੀ ਹੈ ਤਾਂ ਉਹਨਾਂ ਵਿਚੋਂ ਤਿੰਨ ਪਾਤਰਾਂ ਨੇ ਟੈਲੀਵੀਜ਼ਨ ਬਣਾ ਕਰ ਲਿਆ ਹੈ ਤੇ ਬਾਕੀ ਤਿੰਨ ਟੈਲੀਵੀਯਨ ਦੇ ਦਰਸ਼ਕ ਬਣ ਕੇ ਬੈਠ ਗਏ ਹਨ। ਟੈਲੀਵੀਯਨ ਦੀ ਸਕਰੀਨ ਤੇ ਇਕ ਪਾਤਰ ਆਂਦਾ ਹੈ। ਉਹਦਾ ਪਹਿਰਾਵਾ ਅਤੇ ਬੋਲਣ ਦਾ ਲਹਿਜ਼ਾ ਭਾਰਤ ਦੇ ਨੇਤਾਵਾਂ ਵਾਲਾ ਹੈ।)

ਪਾਤਰ : ਅਸੀਂ ਵਧ ਰਹੇ ਹਾਂ ਇਕਵੀਂ ਸਦੀ ਵਲ। ਅਸੀਂ ਸਾਇੰਸ ਤੇ ਟੈਕਨੋਲੋਜੀ ਵਿਚ ਕਿਸੇ ਨਾਲੋਂ ਪਿਛੇ ਨਾ ਰਹੀਏ, ਇਹ ਅਸੀਂ ਵੇਖਣਾ ਹੈ। ਅਸੀਂ ਲਿਜਾਣਾ ਹੈ ਆਪਣੇ ਦੇਸ਼ ਨੂੰ ਅੱਗੇ। ਅਸੀਂ ਵਧਾਣਾ ਹੈ ਕਦਮ ਅੱਗੇ। ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ। ਵੀਹਵੀਂ ਸਦੀ ਜਾ ਰਹੀ ਹੈ, ਇਕਵੀਂ ਸਦੀ ਆ ਰਹੀ ਹੈ।

(ਟੈਲੀਵੀਯਨ ਦੀ ਸਾਰੀ ਕੰਪੋਜ਼ੀਸ਼ਨ ਅੱਗੇ ਤੁਰਨ ਲਗ ਪੈਂਦੀ ਹੈ। ਉਹ ਪਾਤਰ ਜੋ ਟੈਲੀਵੀਯਨ ਦੇ ਦਰਸ਼ਕ ਹਨ, ਉਹ ਪਿੱਛੇ ਹਟਣਾ ਸ਼ੁਰੂ ਕਰ ਦੇਂਦੇ ਹਨ। ਸਾਰੀ ਮੂਵਮੈਂਟ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਇਕਵੀਂ ਸਦੀ ਉਹਨਾਂ ਉੱਤੇ ਚੜ੍ਹੀ ਆ ਰਹੀ ਹੈ। ਉਹ ਸਹਿਮੇ ਹੋਏ ਹਨ। ਹਰਮੋਨੀਅਮ ਅਤੇ ਨਗਾਰੇ ਦੀ ਠਾਪ ਵਿਚ ਭੈਅ ਦਾ ਪ੍ਰਭਾਵ ਹੈ। ਇਕ ਥਾਂ ਜਾ ਕੇ ਟੈਲੀਵੀਯਨ ਦੀ ਕੰਪੋਜ਼ੀਸ਼ਨ ਠੁੱਡਾ ਖਾ ਕੇ ਡਿੱਗ ਪੈਂਦੀ ਹੈ। ਸੰਗੀਤ ਦੀ ਲੈਅ ਵਿਚ ਥੱਰ ਥੱਰ ਆਵਾਜ਼ ਆਂਦੀ ਜਾ ਰਹੀ ਹੈ, 'ਇਕਵੀਂ ਸਦੀ ਆ ਰਹੀ ਹੈ' ਡਿੱਗੇ ਪਾਤਰ ਜਦੋਂ ਉੱਠਦੇ ਹਨ ਤਾਂ ਪਾਣੀ ਵਿਚ ਡੁੱਬੀ ਲਗਾਉਣ ਦੀ ਮੁੱਦਰਾ ਵਿਚ ਉਤੇ ਹੇਠਾਂ ਹੋਣ ਲਗ ਪੈਂਦੇ ਹਨ।)

ਇਕ ਆਵਾਜ਼ : ਇਕਵੀਂ ਸਦੀ ਆ ਰਹੀ ਹੈ, ਇਸ ਲਈ ਸਾਨੂੰ ਗੰਗਾ ਮਈਆ ਵਿਚ ਟੁੱਬੀਆਂ ਮਾਰਨੀਆਂ ਚਾਹੀਦੀਆਂ ਹਨ, ਅਤੇ ਆਪਣੇ ਪਾਪਾਂ ਤੋਂ ਮੁਕਤੀ ਪਾਉਣੀ ਚਾਹੀਦੀ ਹੈ।

(ਸੰਗੀਤ ਦੀ ਲੈਅ ਉਹ ਟੁੱਬੀਆਂ ਮਾਰਨ ਦਾ ਐਕਸ਼ਨ ਇਕ ਨਾਚ ਦੀ ਸ਼ਕਲ ਇਖਤਿਆਰ ਕਰ ਲੈਂਦਾ ਹੈ)

ਨੋਟ : ਇਸ ਵਿਅੰਗ ਨੂੰ ਪੂਰੀ ਤਰ੍ਹਾਂ ਸਪਸ਼ਟ ਕਰਨਾ ਹੈ ਕਿ ਇਕ ਪਾਸੇ ਤਾਂ ਸਾਇੰਸ ਤਰੱਕੀ ਕਰ ਰਹੀ ਹੈ ਤੇ ਦੂਜੇ ਪਾਸੇ ਸਟੇਟ ਵਲੋਂ ਰੂੜੀਵਾਦੀ ਕਦਰਾਂ ਕੀਮਤਾਂ ਦੀ ਵੀ ਪੂਰੀ ਤਰ੍ਹਾਂ ਹੌਸਲਾ ਅਫ਼ਜ਼ਾਈ ਕੀਤੀ ਜਾ ਰਹੀ ਹੈ। ਇਸੇ ਕਰਕੇ ਟੀ. ਵੀ. ਦੇ ਇਕਵੀਂ ਸਦੀ ਵਾਲੇ ਪਾਤਰ ਹੀ ਟੁੱਬੀਆਂ ਮਾਰਦੇ ਦਿਖਾਏ ਹਨ। ਸੰਗੀਤ ਦੀ ਲੈਅ ਬੰਦ ਹੁੰਦਿਆਂ ਐਕਸ਼ਨ ਫਰੀਜ਼ ਹੁੰਦਾ ਹੈ।

ਆਵਾਜ਼ : ਗੱਲਾਂ ਇੱਕਵੀਂ ਸਦੀ ਦੀਆਂ ਚਲਦੀਆਂ ਨੇ
ਟੁੱਬੀਆਂ ਪਹਿਲੀ ਸਦੀ ਵਿਚ ਵਜਦੀਆਂ ਨੇ
ਇਹੋ ਗੱਲ ਸਾਨੂੰ ਹੈ ਖਾ ਰਹੀ
ਭੱਠਾ ਦੇਸ਼ ਦਾ ਹੈ ਬਹਾ ਰਹੀ
ਵੀਹਵੀਂ ਸਦੀ ਹੈ ਜਾ ਰਹੀ ਇਕਵੀਂ ਸ਼ਦੀ ਹੈ ਆ ਰਹੀ

(ਨਗਾਰੇ ਜਾਂ ਢੋਲਕ ਦੀ ਠਾਪ ਤੇਜ਼ ਹੁੰਦੀ ਹੈ। ਫਰੀਜ਼ ਕੰਪੋਜ਼ੀਸ਼ਨ ਟੁੱਟ ਜਾਂਦੀ ਹੈ ਪਾਤਰ ਏਧਰ ਉਧਰ ਭੱਜਦੇ ਨੱਸਦੇ ਹਨ ਤੇ ਸੰਗੀਤ ਬੰਦ ਹੋਣ ਤੇ ਦੂਜਾ ਸੀਨ ਸ਼ੁਰੂ ਹੋ ਜਾਂਦਾ ਹੈ। ਹੁਣ ਇਕ ਨਵੀਂ ਕੰਪੋਜ਼ੀਸ਼ਨ ਹੈ। ਤਿੰਨ ਵਰਕਰ ਮਸ਼ੀਨ ਤੇ ਕੰਮ ਕਰਦੇ ਵਿਖਾਈ ਦੇਂਦੇ ਹਨ। ਮੋਟਾ ਮਾਲਕ ਆਂਦਾ ਹੈ। (ਇਸ ਪਾਤਰ ਦੇ ਢਿੱਡ ਥੱਲੇ ਗੋਲ ਹਵਾ ਵਾਲਾ ਸਰ੍ਹਾਣਾ ਦੇਣਾ ਹੈ ਕਿਉਂਕਿ ਨਾਟਕ ਵਿਚ ਅੱਗੇ ਜਾ ਕੇ ਇਸਦੇ ਫੁਲੇ ਹੋਏ ਪੇਟ ਵਿਚੋਂ ਹਵਾ ਕੱਢਣੀ ਹੈ)

ਮਾਲਕ : ਰਾਮ ਲਾਲ, ਤੂੰ ਇਸ ਮਸ਼ੀਨ ਤੇ ਕਿੰਨੇ ਸਾਲ ਕੰਮ ਕੀਤਾ ?

ਰਾਮ ਲਾਲ : ਜੀ ਵੀਹ ਸਾਲ ਕੰਮ ਕੀਤਾ

ਮਾਲਕ : ਹਰਬੰਸ ਸਿੰਘ, ਤੂੰ ਇਸ ਮਸ਼ੀਨ ਤੇ ਕਿੰਨੇ ਸਾਲ ਕੰਮ ਕੀਤਾ ?

ਹਰਬੰਸ ਸਿੰਘ : ਜੀ ਵੀਹ ਸਾਲ ਕੰਮ ਕੀਤਾ

ਮਾਲਕ : ਚਰਾਗ਼ ਦੀਨ, ਤੂੰ ਇਸ ਮਸ਼ੀਨ ਤੇ ਕਿੰਨੇ ਸਾਲ ਕੰਮ ਕੀਤਾ ਹੈ ?

ਚਰਾਗਦੀਨ : ਜੀ ਵੀਹ ਸਾਲ ਕੰਮ ਕੀਤਾ

ਮਾਲਕ : ਤੁਸੀਂ ਹੁਣ ਕੰਮ ਨਹੀਂ ਕਰੋਗੇ

ਇਕੱਠੇ : ਕਿਉਂ ?

ਮਾਲਕ : ਕਿਉਂਕਿ ਸਮਾਂ ਤਰੱਕੀ ਕਰ ਗਿਆ ਹੈ। ਜੋ ਕੁਝ ਵੀਹਵੇਂ ਵਿਚ ਹੁੰਦਾ ਸੀ ਹੁਣ ਇਕੀਵੇਂ ਵਿਚ ਨਹੀਂ ਹੋਵੇਗਾ, ਹੁਣ ਤੁਹਾਡੇ ਤਿੰਨਾਂ ਦੀ ਥਾਂ ਮੇਰਾ ਇਕ ਰੋਬਰਟ (ਮਸ਼ੀਨੀ ਮਨੁੱਖ) ਕੰਮ ਕਰੇਗਾ।

(ਮੋਟਾ ਆਦਮੀ ਸ਼ੈਤਾਨਾਂ ਵਾਲਾ ਹਾਸਾ ਹੱਸਦਾ ਹੈ। ਤਿੰਨੇ ਵਰਕਰ ਸਹਿਮੇ ਹੋਏ ਪਿਛੇ ਹਟਦੇ ਹਨ। ਰੋਬਰਟ ਲੰਮੀਆਂ ਬਾਹਵਾਂ ਨਾਲ ਕੰਮ ਕਰਦਾ ਹੈ। (ਨੋਟ : ਰੋਬਰਟ ਨੂੰ ਇਕ ਟਰੈਕ ਸੂਟ ਪਵਾਉਂਦਾ ਹੈ ਤੇ ਉਹਦੀਆਂ ਬਾਹਵਾਂ ਨੂੰ ਡੰਡਿਆਂ ਨਾਲ ਲੰਮੇ ਕਰਨਾ ਹੈ) ਰੋਬਰਟ ਦੇ ਮਕੈਨੀਕੀ ਹੱਥਾਂ ਦਾ ਐਕਸ਼ਨ ਇਸ ਤਰ੍ਹਾਂ ਦੱਸਣਾ ਹੈ ਕਿ ਇਕ ਹੱਥ ਮਸ਼ੀਨ ਚਲਾ ਰਿਹਾ ਹੈ : ਦੂਜਾ ਡੰਡੇ ਵਾਂਗ ਵਰਕਰਾਂ ਦੇ ਸਿਰ ਤੇ ਪੈ ਰਿਹਾ ਹੈ। ਇਸ ਸਾਰੇ ਐਕਸ਼ਨ ਨੂੰ ਸੰਗੀਤ ਦੀ ਲੈਅ ਵਿਚ ਪ੍ਰਤੀਕਾਤਮਕ ਤੌਰ ਤੇ ਇਸ ਤਰ੍ਹਾਂ ਪੇਸ਼ ਕਰਨਾ ਹੈ ਕਿ ਇਸ ਸਿਸਟਮ ਵਿਚ ਰੋਬਰਟ ਦਾ ਪ੍ਰਵੇਸ਼ ਅਸਲ ਵਿਚ ਵਰਕਰਾਂ ਦੀ ਮੌਤ ਹੈ। ਡੰਡੇ ਦੀ ਮਾਰ ਥੱਲੇ ਹੌਲੇ ਹੌਲੇ ਵਰਕਰ ਨੀਵੇਂ ਹੋਈ ਜਾਂਦੇ ਹਨ। ਜਦੋਂ ਉਹ ਬਿਲਕੁਲ ਜ਼ਮੀਨ ਨਾਲ ਲਗ ਜਾਂਦੇ ਹਨ ਤਾਂ ਉਹਨਾਂ ਦੀਆਂ ਬਾਹਵਾਂ ਅਤੇ ਹੱਥ ਫ਼ਰਿਆਦ ਦੀ ਸ਼ਕਲ ਵਿਚ ਉੱਠਦੇ ਹਨ ਤੇ ਉਹਨਾਂ ਸਾਰਿਆਂ ਦੀ ਆਵਾਜ਼ ਇਕ ਹੂਕ ਵਾਂਗੂ ਉੱਚੀ ਹੁੰਦੀ ਹੈ। ਉਹਦੀ ਏਕੋ ਹੈ)

ਇਕੱਠੇ : (ਡੀਕੋ ਆਵਾਜ਼ ਵਿਚ) ਅਸੀਂ ਖਾਵਾਂਗੇ ਕਿਥੋਂ ?
ਅਸੀਂ ਖਾਵਾਂਗੇ ਕਿਥੋਂ ? ਅਸੀਂ ਖਾਵਾਂਗੇ ਕਿਥੋਂ ?

(ਕੁਝ ਚਿਰ ਬਿਲਕੁਲ ਚੁੱਪ-ਇਕ ਲੈਅ ਵਿਚ ਮੰਤਰ ਉਚਾਰਨ ਦੀ ਆਵਾਜ਼।

ਪੰਡਤ : ਹੇ ਪ੍ਰਭੂ ਸਾਡੇ ਮਾਲਕਾਂ ਨੇ ਨਵੀਂ ਮਸ਼ੀਨ ਲਗਾਈ ਹੈ। ਉਹਨਾਂ ਦੇ ਸਿਰ ਤੇ ਮਿਹਰ ਦਾ ਹੱਥ ਰੱਖੀਂ :

(ਥਾਲ ਵਿਚ ਪ੍ਰਸ਼ਾਦ ਹੈ, ਜੋ ਫ਼ਰਿਆਦ ਕਰਦੇ ਹੱਥਾਂ ਤੇ ਰਖਿਆ ਜਾਂਦਾ ਹੈ। ਇਹ ਸਾਰਾ ਐਕਸ਼ਨ ਨਾਚ ਦੀ ਸ਼ਕਲ ਵਿਚ ਹੋ ਸਕਦਾ ਹੈ। ਇਕ ਪਾਸੇ ਰੋਬਰਟ ਮਕੈਨਕੀ ਤਰੀਕੇ ਨਾਲ ਮਸ਼ੀਨ ਚਲਾ ਰਿਹਾ ਹੈ। ਦੂਜੇ ਪਾਸੇ ਟੱਡੇ ਹੋਏ ਹੱਥਾਂ ਤੇ ਪ੍ਰਸ਼ਾਦ ਰਖਿਆ ਜਾ ਰਿਹਾ ਹੈ। ਸੰਗੀਤ ਝਟਕੇ ਨਾਲ ਬੰਦ ਹੁੰਦਾ ਹੈ ਅਤੇ ਐਕਸ਼ਨ ਸਾਰਾ ਫਰੀਜ਼ ਹੋ ਜਾਂਦਾ ਹੈ।)

ਆਵਾਜ਼ : ਇਕ ਪਾਸੇ ਇਕਵੀਂ ਸਦੀ ਦਾ ਵਿਗਿਆਨ ਹੈ।
ਦੂਜੇ ਪਾਸੇ ਮੰਤਰਾਂ ਦਾ ਵਰਦਾਨ ਹੈ।
ਮਨੁੱਖ ਜੋ ਕਦੀ ਹੁੰਦਾ ਸੀ ਆਪਣੀ ਰੋਜ਼ੀ ਦਾ ਮਾਲਕ
ਬਣ ਕੇ ਮੰਗਤਾ ਲੈਂਦਾ ਦਾਨ ਹੈ।
ਭੁੱਖ ਢਿੱਡ ਲਈ ਰੋਜ਼ੀ ਨਹੀਂ ਪ੍ਰਸ਼ਾਦ ਹੈ।
ਵਾਹ ਇਕਵੀਂ ਸਦੀ ਤੇਰਾ ਇਹ ਕਮਾਲ ਹੈ।

ਸੰਗੀਤ ਦੀ ਠਾਪ ਤੇਜ਼ ਹੁੰਦੀ ਹੈ। ਫਰੀਜ਼ ਹੋਏ ਪਾਤਰ ਹਰਕਤ ਵਿਚ ਆਂਦੇ ਹਨ ਤੇ ਇਕ ਨਵੀਂ ਕੰਪੋਜ਼ੀਸ਼ਨ ਬਣਾਂਦੇ ਹਨ। ਤਿੰਨ ਵਰਕਰ ਉਥੀਂ ਪਾਏ ਹੁਣ ਬੈਠੇ ਹਨ। ਦੋ ਮਸ਼ੀਨੀ ਮਨੁੱਖ, ਮਕੈਨਕੀ ਚਾਲ ਵਿਚ ਆਂਦੇ ਹਨ। (ਨੋਟ : ਉਹੀ ਪਾਤਰ ਜਿਸਨੇ ਪੰਡਤ ਜਾਂ ਭਾਈ ਦਾ ਕੰਮ ਕੀਤਾ ਸੀ, ਹੁਣ, ਟਰੈਕ ਸੂਟ ਪਾ ਕੇ ਦੂਜਾ ਰੋਬਰਟ ਬਣ ਜਾਂਦਾ ਹੈ) ਦੋਨੋਂ ਮਸ਼ੀਨੀ ਮਨੁੱਖ ਆਪਸ ਵਿਚ ਗੱਲਾਂ ਕਰਦੇ ਹਨ। ਉਹਨਾਂ ਦਾ ਬੋਲਣ ਦਾ ਤਰੀਕਾ ਇਸ ਤਰ੍ਹਾਂ ਹੈ ਕਿ ਲਫ਼ਜ਼ ਪੀਚ ਪੀਚ ਕੇ ਬੋਲਦੇ ਹਨ, ਜਿਸ ਤਰ੍ਹਾਂ ਆਮ ਕਾਰਟੂਨ ਜਾਂ ਕੱਠਪੁਤਲੀਆਂ ਬੋਲਦੀਆਂ ਹਨ।

ਇਕ : ਕੀ ਹਾਲ ਹੈ

ਦੋ : ਚੰਗਾ ਹੈ, ਤੇਰਾ ਕੀ ਹਾਲ ਹੈ।

ਇਕ : ਮੇਰਾ ਵੀ ਚੰਗਾ ਹੈ। ਤੂੰ ਕੀ ਕਰਦਾ ਏਂ ?

ਦੋ : ਜੋ ਮੇਰਾ ਮਾਲਕ ਮੇਰੇ ਕੋਲੋਂ ਕਰਵਾਂਦਾ ਏ। ਤੂੰ ਕੀ ਕਰਦਾ ਏਂ ?

ਇਕ : ਮੈਂ ਵੀ ਉਹੀ ਕਰਦਾ ਹਾਂ ਜੋ ਮੇਰਾ ਮਾਲਕ ਮੇਰੇ

ਕੋਲੋਂ ਕਰਵਾਂਦਾ ਏ ?
ਦੋ : ਤੇਰਾ ਮਾਲਕ ਕੀ ਕਰਦਾ ਏ
ਇਕ : ਕੁਝ ਨਹੀਂ ਕਰਦਾ, ਬਸ ਖਾਂਦਾ ਏ । ਤੇਰਾ ਮਾਲਕ ਕੀ ਕਰਦਾ ਏ
ਦੋ : ਉਹ ਵੀ ਕੁਝ ਨਹੀਂ ਕਰਦਾ, ਬਸ ਖਾਂਦਾ ਏ । ਤੇਰਾ ਮਾਲਕ ਕਿੰਨਾ ਖਾਂਦਾ ਏ ?
ਇਕ : ਬੜਾ ਖਾਂਦਾ ਏ, ਤੇਰਾ ਮਾਲਕ ਕਿੰਨਾ ਖਾਂਦਾ ਏ ?
ਦੋ : ਉਹ ਵੀ ਬੜਾ ਖਾਂਦਾ ਏ । ਉਹਦਾ ਪੇਟ ਮੋਟਾ ਏ । ਤੇਰੇ ਮਾਲਕ ਦਾ ਪੇਟ ਕਿਹੋ ਜਿਹਾ ਏ ?
ਇਕ : ਉਹ ਵੀ ਬੜਾ ਮੋਟਾ ਏ । ਉਹਦੇ ਪੇਟ ਵਿਚ ਗੈਸ ਭਰੀ ਏ । ਤੇਰੇ ਮਾਲਕ ਦੇ ਪੇਟ ਵਿਚ ਕੀ ਭਰਿਆ ਏ ।
ਦੋ : ਉਹਦੇ ਵਿਚ ਵੀ ਗੈਸ ਭਰੀ ਏ । (ਵਰਕਰਾਂ ਵੱਲ ਵੇਖ ਕੇ) ਇਹ ਲੋਕ ਕੌਣ ਨੇ ?
ਇਕ : ਹੱਥ ਨਾਲ ਕੰਮ ਕਰਨ ਵਾਲੇ ।
ਦੋ : ਇਹ ਉਦਾਸ ਕਿਉਂ ਬੈਠੇ ਨੇ ?
ਇਕ : ਇਹ ਭੁੱਖੇ ਨੇ ।
ਦੋ : ਇਹ ਭੁੱਖੇ ਕਿਉਂ ਨੇ ?
ਇਕ : ਇਹਨਾਂ ਕੋਲ ਰੋਟੀ ਨਹੀਂ ।
ਦੋ : ਇਹਨਾਂ ਦੀ ਰੋਟੀ ਕੌਣ ਖੋਹ ਕੇ ਲੈ ਗਿਆ ਏ ?
ਇਕ : ਜਿਨ੍ਹਾਂ ਦੇ ਪੇਟ ਮੋਟੇ ਨੇ ।
ਦੋ : ਉਹਨਾਂ ਦੇ ਪੇਟ ਮੋਟੇ ਕਿਉਂ ਨੇ ?
ਇਕ : ਕਿਉਂਕਿ ਉਹਨਾਂ ਵਿਚ ਗੈਸ ਭਰੀ ਏ ।
ਦੋ : ਉਹਨਾਂ ਵਿਚ ਗੈਸ ਕਿਉਂ ਭਰੀ ਏ ?
ਇਕ : ਕਿਉਂਕਿ ਉਹ ਖਾਂਦੇ ਬਹੁਤ ਨੇ ।
ਦੋ : ਉਹਨਾਂ ਕੋਲ ਖਾਣ ਲਈ ਬਹੁਤ ਕਿਉਂ ਏ ?
ਇਕ : ਕਿਉਂਕਿ ਇਹਨਾਂ ਕੋਲ ਖਾਣ ਲਈ ਕੁਝ ਨਹੀਂ ।
ਦੋ : ਇਹਨਾਂ ਕੋਲ ਖਾਣ ਲਈ ਕਿਉਂ ਨਹੀਂ ?
ਇਕ : ਕਿਉਂਕਿ ਇਹ ਬੇਰੁਜ਼ਗਾਰ ਨੇ ।
ਦੋ : ਇਹ ਬੇਰੁਜ਼ਗਾਰ ਕਿਉਂ ਨੇ ?
ਇਕ : ਕਿਉਂਕਿ ਅਸੀਂ ਇਹਨਾਂ ਦਾ ਕੰਮ ਖੋਹ ਲਿਆ ਹੈ ।
ਦੋ : (ਸੋਚ ਕੇ) ਇਹ ਮਾੜੀ ਗੱਲ ਏ ।
ਇਕ : ਹਾਂ ਇਹ ਬੜੀ ਮਾੜੀ ਗੱਲ ਏ ।
ਦੋ : ਅਸੀਂ ਇਹਨਾਂ ਨੂੰ ਜਗਾਈਏ ।
ਇਕ : ਕਿਉਂ ?
ਦੋ : ਅਸੀਂ ਇਹਨਾਂ ਨਾਲ ਗੱਲਾਂ ਕਰੀਏ ।
ਇਕ : ਕੀ ?
ਦੋ : ਅਸੀਂ ਇਹਨਾਂ ਦੇ ਦੋਸਤ ਹਾਂ ।
ਇਕ : ਪਰ ਅਸੀਂ ਸੇਵਾ ਹਮੇਸ਼ਾ ਮੋਟੇ ਢਿੱਡਾਂ ਦੀ ਕਰਦੇ ਹਾਂ ।
ਦੋ : ਕਿਉਂਕਿ ਮੋਟੇ ਢਿੱਡਾਂ ਦਾ ਰਾਜ ਏ, ਅਸੀਂ ਇਹਨਾਂ ਨੂੰ ਆਖੀਏ ।
ਇਕ : ਕੀ ?
ਦੋ : ਤੁਸੀਂ ਉਦਾਸ ਨਾ ਹੋਵੋ ।
ਇਕ : ਹੋਰ ?
ਦੋ : ਤੁਸੀਂ ਹਿੰਮਤ ਕਰੋ ।
ਇਕ : ਹੋਰ ?
ਦੋ : ਮੋਟੇ ਢਿੱਡਾਂ ਵਾਲਿਆਂ ਕੋਲੋਂ ਰਾਜ ਖੋਹਵੋ ।
ਇਕ : (ਖੁਸ਼ ਹੋ ਕੇ) ਫੇਰ ਅਸੀਂ ਇਹਨਾਂ ਦੀ ਸੇਵਾ ਕਰਾਂਗੇ ।
ਦੋ : ਹਾਂ ਇਹ ਸਾਡੇ ਸਾਥੀ ਨੇ । ਸਾਡੇ ਵਾਕੁਨ ਹੱਥਾਂ ਨਾਲ ਕੰਮ ਕਰਨ ਵਾਲੇ ।

(ਦੋਨੋਂ ਰੋਬਰਟ ਬੈਠੇ ਵਰਕਰਾਂ ਕੋਲ ਜਾਂਦੇ ਹਨ)

ਇਕ : ਸਾਥੀ ਲਾਲ ਸਲਾਮ
ਦੋ : ਸਾਥੀ ਲਾਲ ਸਲਾਮ

(ਤਿੰਨੋਂ ਵਰਕਰ ਸਿਰ ਚੁੱਕਦੇ ਹਨ ਉਹ (1) (2) ਤੇ (3) ਹਨ)

(1) : ਤੁਸੀਂ ਸਾਡੇ ਸਾਥੀ ਨਹੀਂ ।
(2) : ਤੁਸੀਂ ਸਾਡਾ ਕੰਮ ਖੋਹਿਆ ਏ ।
(3) : ਤੁਸੀਂ ਸਾਡੇ ਪੇਟ ਨੂੰ ਲੱਤ ਮਾਰੀ ਏ ।
ਇਕ : ਨਹੀਂ ਅਸੀਂ ਤੁਹਾਡੇ ਸਾਥੀ ਹਾਂ ।
ਦੋ : ਅਸੀਂ ਮਸ਼ੀਨੀ ਮਨੁੱਖ ਹਾਂ ।
ਇਕ : ਅਸੀਂ ਸਾਇੰਸ ਦੇ ਪੁੱਤਰ ਹਾਂ ।
ਦੋ : ਸਾਇੰਸ ਜੋ ਮਨੁੱਖ ਦੀ ਸੋਚ ਦਾ ਸਿਖਰ ਹੈ । ਇਕ ਸਾਇੰਸ ਜੋ ਮਨੁੱਖ ਦੀ ਸਾਥੀ ਹੈ ।
(1) : ਤੁਸੀਂ ਸਾਡਾ ਰੁਜ਼ਗਾਰ ਖੋਹਿਆ ।
ਇਕ–ਦੋ (ਇਕੱਠੇ) : ਕਸੂਰ ਸਾਡਾ ਨਹੀਂ ।
(2) : ਤੁਸੀਂ ਸਾਡੀ ਰੋਟੀ ਖੋਹੀ ।
ਇਕ–ਦੋ (ਇਕੱਠੇ) : ਕਸੂਰ ਸਾਡਾ ਨਹੀਂ ।
(3) : ਤੁਸੀਂ ਸਾਡੀ ਇੱਜ਼ਤ ਖੋਹੀ ।
ਇਕ,ਦੋ ਇਕੱਠੇ : ਕਸੂਰ ਸਾਡਾ ਨਹੀਂ ।
(1) (2) (3) : ਫੇਰ ਇਹ ਕਸੂਰ ਕਿਸਦਾ ਹੈ ?
ਇਕ : ਇਸ ਦਸਤੂਰ ਦਾ ।
ਦੋ : ਹਾਂ ਇਸ ਦਸਤੂਰ ਦਾ
1 : ਕਿਸ ਦਸਤੂਰ ਦਾ ?
(2) : ਹਾਂ ਕਿਸ ਦਸਤੂਰ ਦਾ ?
(3) : ਹਾਂ ਹਾਂ ਕਿਸ ਦਸਤੂਰ ਦਾ ?
ਇਕ : ਜਿਸ ਕਾਰਨ ਕਈਆਂ ਦੇ ਢਿੱਡ ਕੁੱਪੇ ਹਨ
ਦੋ : ਜਿਸ ਕਾਰਨ ਕਈਆਂ ਦੀਆਂ ਹੱਡੀਆਂ ਵਿਚ ਭੁੱਖ ਏ ।
(1) (2) (3) : ਇਹ ਦਸਤੂਰ ਕੌਣ ਬਦਲੇਗਾ ?
ਇਕ : ਇਹ ਦਸਤੂਰ ਤੁਸੀਂ ਬਦਲੋਗੇ
ਦੋ : ਤੁਸੀਂ ਹਿੰਮਤ ਕਰੋ, ਅਸੀਂ ਤੁਹਾਡੇ ਨਾਲ ਹਾਂ ।
ਇਕ : ਅਸੀਂ ਤੁਹਾਡੇ ਦੋਸਤ ਹਾਂ ।

ਦੋ : ਅਸੀਂ ਸਾਇੰਸ ਦੇ ਪੁਤਰ ਹਾਂ ।
ਇਕ : ਸਾਇੰਸ ਹਮੇਸ਼ਾਂ ਮਨੁੱਖ ਦੀ ਦੋਸਤ ਰਹੀ ਹੈ ।
ਦੋ : ਤੁਸੀਂ ਅਸਲੀ ਮਨੁੱਖ ਹੋ ।
ਇਕ : ਤੁਸੀਂ ਅਪਣੇ ਹੱਥਾਂ ਨਾਲ ਕੰਮ ਕਰਦੇ ਹੋ ।
ਦੋ : ਤੁਸੀਂ ਕਿਸੇ ਦੀ ਲੁੱਟ ਨਹੀਂ ਕਰਦੇ ।
ਇਕ : ਤੁਸੀਂ ਆਪ ਵੀ ਖਾਣਾ ਚਾਹੁੰਦੇ ਹੋ ।
ਦੋ : ਤੇ ਚਾਹੁੰਦੇ ਹੋ ਦੂਜੇ ਵੀ ਖਾਣ ।
ਇਕ : ਉਹ ਆਂਦਾ ਪਿਆ ਈ, ਮੋਟਾ ਢਿੱਡ ।
ਦੋ : ਹੱਥ ਚੁੱਕੋ (ਉਹਨਾਂ ਤਿੰਨਾਂ ਦੇ ਹੱਥ ਬੰਦ ਮੁੱਠੀਆਂ ਬਣਾ ਕੇ ਚੁੱਕਦੇ ਹਨ)
ਇਕ : ਤੁਸੀਂ ਅੱਗੋਂ ਵਾਰ ਕਰੋ ।
ਦੋ : ਅਸੀਂ ਪਿੱਛੋਂ ਵਾਰ ਕਰਾਂਗੇ ।
ਇਕ : ਤੁਸੀਂ ਖੱਬਿਓਂ ਵਾਰ ਕਰੋ ।
ਦੋ : ਅਸੀਂ ਸੱਜਿਓਂ ਵਾਰ ਕਰਾਂਗੇ ।
ਇਕ : ਤੁਸੀਂ ਬਾਹਰੋਂ ਵਾਰ ਕਰੋ ।
ਦੋ : ਅਸੀਂ ਅੰਦਰੋਂ ਵਾਰ ਕਰਾਂਗੇ ।

ਹੱਥਾਂ ਨਾਲ ਹੱਥ ਮਿਲਾਂਦੇ ਹਨ—ਤਿੰਨੇ ਵਰੋਕਰ ਬਾਹਰੁ ਵਲ ਪੁਜੀਸ਼ਨਾਂ ਲੈ ਲੈਂਦੇ ਹਨ ਰੋਬਰਟ ਇਕ ਤੇ ਦੋ ਮੋਟੇ ਮਾਲਕ ਵਲ ਵੱਧਦੇ ਹਨ ਤੇ ਜਾਂਦਿਆਂ ਹੀ ਉਹਦੇ ਢਿਡ 'ਤੇ ਮੁੱਕਾ ਮਾਰ ਦੇਂਦੇ ਹਨ ।

ਮਾਲਕ : ਇਹ ਕੀ ਕਰਦੇ ਹੋ ?
ਇਕ : (ਇਕ ਹੋਰ ਲਗਾ ਕੇ) ਸਲਾਮ ਕਰਦੇ ਹਾਂ
ਦੋ : (ਇਕ ਹੋਰ ਲਗਾ ਕੇ) ਪ੍ਰਨਾਮ ਕਰਦੇ ਹਾਂ
ਮਾਲਕ : ਇਹ ਕੀ ਤਰੀਕਾ ਹੋਇਆ ।
ਇਕ : ਤਰੀਕਾ ਬਦਲ ਗਿਆ ਹੈ ।
ਦੋ : ਕਦੀ ਦਾਦੇ ਦੀਆਂ ਕਦੀ ਪੋਤੇ ਦੀਆਂ ।
ਮਾਲਕ : ਇਹ ਲੋਕ ਕੌਣ ਨੇ ।
ਇਕ : ਇਹ ਸਾਡੇ ਸਾਥੀ ਨੇ ।
ਦੋ : ਇਹ ਸਾਡੇ ਯਾਰ ਨੇ ।
ਮਾਲਕ : ਗੁਲਾਮਾਂ ਦਾ ਕੋਈ ਯਾਰ ਨਹੀਂ ਹੁੰਦਾ ।
ਇਕ : ਅਸੀਂ ਗੁਲਾਮ ਨਹੀਂ (ਢਿੱਡ ਤੇ ਇਕ ਮਾਰਦਾ ਹੈ)
ਦੋ : ਤੂੰ ਸਾਡਾ ਮਾਲਕ ਨਹੀਂ (ਢਿੱਡ ਤੇ ਇਕ ਹੋਰ ਮਾਰਦਾ ਹੈ)
ਮਾਲਕ : ਮੈਂ ਤੁਹਾਨੂੰ ਸਾਕਾਰ ਕੀਤਾ ਹੈ । ਮੈਂ ਤੁਹਾਡਾ ਸਿਰਜਨਹਾਰ ਹਾਂ ।
ਇਕ : ਨਹੀਂ ਅਸੀਂ ਮਨੁੱਖ ਦੇ ਪੁੱਤਰ ਹਾਂ
ਦੋ : ਮਨੁੱਖ ਸਾਡਾ ਸਿਰਜਨਹਾਰ ਹੈ ।
ਮਾਲਕ : ਮੈਂ ਤੁਹਾਨੂੰ ਭਸਮ ਕਰ ਦੇਵਾਂਗਾ ।
ਇਕ : ਇਹ ਹੁਣ ਤੇਰੇ ਵੱਸ ਨਹੀਂ ।
ਦੋ : ਇਕ ਵਾਰੀ ਅਸੀਂ ਸਾਕਾਰ ਹੋ ਜਾਈਏ,
ਇਕ : ਫੇਰ ਸਾਨੂੰ ਕੋਈ ਭਸਮ ਨਹੀਂ ਕਰ ਸਕਦਾ ।
ਮਾਲਕ : ਤੁਸੀਂ ਨਿਮਕ ਹਰਾਮ ਹੋ ।
ਇਕ : ਅਸੀਂ ਨਿਮਕ ਦਾ ਮੁੱਲ ਚੁਕਾਵਾਂਗੇ ।
ਦੋ : ਅਸਲੀ ਮਨੁੱਖ ਦੀ ਸੇਵਾ ਕਰਾਂਗੇ ।
ਮਾਲਕ : ਦੇਖਾਂਗਾ......।
ਇਕ : ਦੇਖੇਂਗਾ ਕੀ ? ਹੁਣੇ ਦਿਖਾ ਦੇਵਾਂਗੇ ।
ਦੋ : ਮੁੱਕੇ ਸਾਡੇ ਫੌਲਾਦੀ—ਮਜ਼ਾ ਤੈਨੂੰ ਚੱਖਾਂ ਦੇਵਾਂਗੇ

(ਸੰਗੀਤ ਦੀ ਲੈਅ ਵਿਚ ਢਿੱਡ ਤੇ ਮੁੱਕੇ ਮਾਰਨ ਲੱਗ ਪੈਂਦੇ ਹਨ । ਮੋਟੇ ਬੰਦੇ ਦੀ ਕੁਟਾਈ ਹੁੰਦੀ ਹੈ । ਇਥੇ ਐਕਟਿੰਗ ਦੀ ਸ਼ੈਲੀ ਕਾਰਟੂਨ ਫਿਲਮਾਂ ਵਾਲੀ ਸ਼ੈਲੀ ਹੈ । ਮੋਟਾ ਆਦਮੀ ਚੱਕਰ ਖਾਂਦਾ ਤਿੰਨਾਂ ਵਰਕਰਾਂ ਕੋਲ ਵਾਰੀ ਵਾਰੀ ਜਾਂਦਾ ਹੈ)

ਮਾਲਕ : ਰਾਮ ਲਾਲ ਬਚਾ ਲੈ । ਮੈਂ ਤੇਰੀ ਮੈਲੀ ਗੰਗਾ ਸਾਫ ਕਰਾਵਾਂਗਾ ।

(ਉਹ ਅਗੋਂ ਮੁੱਕਾ ਦਿਖਾਂਦਾ ਹੈ)

: ਹਰਬੰਸ ਸਿੰਘਾ ਬਚਾ ਲੈ । ਮੈਂ ਤੈਨੂੰ ਤਖਤੇ ਬਿਠਾਵਾਂਗਾ ।

(ਉਹ ਵੀ ਅਗੋਂ ਮੁੱਕਾ ਦਿਖਾਂਦਾ ਹੈ)

: ਚਰਾਗਦੀਨਾ ਤੂੰਹੀਓਂ ਬੋਹੜ, ਤੇਰੇ ਲਈ ਨਵਾਂ ਸ਼ਰੀਅਤ ਦਾ ਕਾਨੂੰਨ ਬਣਾਵਾਂਗਾ ।

(ਉਹ ਵੀ ਅਗੋਂ ਮੁੱਕਾ ਦਿਖਾਂਦਾ ਹੈ)

(ਸੰਗੀਤ ਦੀ ਲੈਅ ਤੇਜ਼ ਹੁੰਦੀ ਹੈ । ਮੋਟਾ ਅਖੀਰ ਹੱਫ ਕੇ ਡਿੱਗ ਪੈਂਦਾ ਹੈ । ਇਹ ਨਾਚ ਦੀ ਸ਼ਕਲ ਵਿਚ ਹੈ । ਇਕ ਰੋਬਰਟ ਉਹਦੇ ਤੇ ਪੈਰ ਰੱਖਦਾ ਹੈ । ਉਹਦੀ ਫੂਕ ਨਿਕਲ ਜਾਂਦੀ ਹੈ । ਸੰਗੀਤ ਦੀ ਸਹਾਇਤਾ ਨਾਲ ਇਸਨੂੰ ਸਪੱਸ਼ਟ ਤਰੀਕੇ ਨਾਲ ਪੇਸ਼ ਕਰਨਾ ਹੈ । ਸੰਗੀਤ ਝਟਕੇ ਨਾਲ ਬੰਦ ਹੁੰਦਾ ਹੈ । ਕੁਝ ਚਿਰ ਲਈ ਸਭ ਕੁਝ ਫਰੀਜ਼ ਹੋ ਜਾਂਦਾ ਹੈ । ਫੇਰ ਤੇਜ਼ ਠਾਪ ਤੇ ਨਵੀਂ ਕੰਪੋਜ਼ੀਸ਼ਨ ਬਣ ਜਾਂਦੀ ਹੈ । ਇਹ ਪਹਿਲੇ ਵਾਂਗ ਟੈਲੀ-ਵੀਯਨ ਦੀ ਕੰਪੋਜ਼ੀਸ਼ਨ ਹੈ । ਪਰ ਹੁਣ ਸਕਰੀਨ ਤੇ ਬੰਦ ਮੁੱਠੀ ਵਾਲਾ ਵਰਕਰ ਹੈ ।

ਸਕਰੀਨ ਵਾਲਾ ਵਰਕਰ : ਅਸੀਂ ਇਕਵੀਂ ਸਦੀ ਵਿਚ ਦਾਖਲ ਹੋ ਰਹੇ ਹਾਂ । ਇਹ ਸਦੀ ਵਿਗਿਆਨ ਦੀ ਹੋਵੇਗੀ । ਇਹ ਸਦੀ ਤਕਨੀਕ ਦੀ ਹੋਵੇਗੀ ਪਰ (ਉਚੀ ਸੁਰ ਵਿਚ) ਇਹ ਸਦੀ ਮਨੁੱਖ ਦੀ ਹੋਵੇਗੀ । ਮਨੁੱਖ ਆ ਰਿਹਾ ਹੈ (ਟੈਲੀਵੀਯਨ ਦੀ ਸਾਰੀ ਕੰਪੋ-ਜ਼ੀਸ਼ਨ ਅੱਗੇ ਵੱਧਦੀ ਹੈ) ਮਨੁੱਖ ਆ ਰਿਹਾ ਹੈ ।

ਪਿਛੋਂ ਆਵਾਜ਼ :

ਸਮੇਂ ਦੀ ਚਣੌਤੀ ਮਨੁੱਖ ਨੇ ਕਰ ਲਈ ਹੈ ਕਬੂਲ
ਹੋਣੀ ਵਿਚ ਉਸ ਪਛਾਣਿਆ ਆਪਣਾ ਹੈ ਮੂਲ
ਸਾਇੰਸ ਨੂੰ ਬਣਾ ਕੇ ਆਪਣੀ ਸਹਿਯੋਗੀ
ਸੌਗਾਤ ਜ਼ਿੰਦਗੀ ਦੀ ਉਸਨੇ ਹੈ ਪਾ ਲਈ
ਵੀਹਵੀਂ ਸਦੀ ਹੈ ਜਾ ਰਹੀ ਇਕਵੀਂ ਸਦੀ ਹੈ ਆ ਰਹੀ ।

(ਟੈਲੀਵੀਯਨ ਦੀ ਕੰਪੋਜ਼ੀਸ਼ਨ ਚੱਲਦੀ ਚੱਲਦੀ ਰੁੱਕ ਜਾਂਦੀ ਹੈ । ਸਕਰੀਨ ਤੇ ਵਰਕਰ ਜਿੱਤ ਦੀ ਮੁਦਰਾ ਵਿਚ ਫਰੀਜ਼ ਹੋ ਜਾਂਦਾ ਹੈ) oo

# ਸਹੀ ਸਿਆਸਤ ਜੋ ਗੰਦੀ ਸਿਆਸਤ ਦਾ ਬਦਲ ਹੈ

**ਮਈ ਦਿਵਸ, ਸਾਂਝੀ ਤਿਆਰੀ ਕਮੇਟੀ ਤਲਵਾੜਾ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਦੋ ਗਰੁੱਪਾਂ ਵਲੋਂ ਸਾਂਝੇ ਤੌਰ ਤੇਮਈ ਦਿਵਸ ਮਨਾਉਣ ਦੇ ਸੰਦਰਭ ਵਿਚ ਇਕ ਨੋਟ**

ਪੰਜਾਬ ਵਿਚ ਇਕ ਪਾਸੇ ਫਿਰਕੂ ਦਹਿਸ਼ਤਗਰਦੀ ਦਾ ਦੌਰ ਹੈ ਤੇ ਦੂਜੇ ਪਾਸੇ ਸਿਆਸੀ ਮੌਕਾਪ੍ਰਸਤਾਂ ਦਾ ਕੁਰਸੀਆਂ ਸਾਂਭਣ ਜਾਂ ਨਿਰਾਸ਼ ਸਿਆਸਤਦਾਨਾਂ ਦਾ ਕੁਰਸੀਆਂ ਹਥਿਆਉਣ ਦੇ ਯਤਨਾਂ ਦਾ ਦੌਰ ਹੈ। ਕਾਂਗਰਸ ਦੇ ਪੁਰਾਣੇ ਘੁਲਾਟੀਏ ਵੀ ਸ਼ਹਿ ਤੇ ਬੈਠੇ ਹਨ ਕਿ ਕਿਸਤਰ੍ਹਾਂ ਗਵਰਨਰੀ ਰਾਜ ਦੇ ਚੋਰ ਦਰਵਾਜ਼ੇ ਰਾਹੀਂ ਜਾਂ ਕੋਈ ਹੋਰ ਗਠਜੋੜ ਕਰਕੇ ਹਕੂਮਤ ਦੀ ਖੁੱਸੀ ਹੋਈ ਕੁਰਸੀ ਨੂੰ ਫੇਰ ਹਾਸਿਲ ਕੀਤਾ ਜਾਏ। ਇਹ ਸਿਆਸਤ ਭ੍ਰਿਸ਼ਟ ਬੁਰਜੁਆ ਸਿਆਸਤ ਦਾ ਜ਼ਰੂਰੀ ਅੰਗ ਹੈ, ਪਰ ਇਸ ਸਿਆਸਤ ਦੇ ਬਦਲ ਵਿਚ ਲੋਕਾਂ ਦੀ ਸਿਆਸਤ ਵੀ ਹੈ, ਜੋ ਭ੍ਰਿਸ਼ਟ ਨਿਜ਼ਾਮ ਨੂੰ ਬਦਲਕੇ ਇਕ ਨਿਆਂ ਵਾਲਾ ਨਿਜ਼ਾਮ ਬਨਾਉਣਾ ਚਾਹੁੰਦੇ ਹਨ। ਇਸ ਫਿਰਕੂ ਝੱਖੜ ਵਾਲੇ ਦੌਰ ਵਿਚ ਭਾਵੇਂ ਲੋਕਾਂ ਦੀ ਸਿਆਸਤ ਨੂੰ ਇਕ ਧੱਕਾ ਵਜਿਆ ਹੋਇਆ ਹੈ ਪਰ ਹਾਲਤ ਕੋਈ ਮਾਯੂਸਕੁਨ ਨਹੀਂ। ਇਸ ਸੰਦਰਭ ਵਿਚ ਮਈ ਦਿਵਸ, ਸਾਂਝੀ ਤਿਆਰੀ ਕਮੇਟੀ ਤਲਵਾੜਾ ਦਾ ਬਣਨਾ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਦੋ ਗਰੁਪਾਂ ਵਲੋਂ ਸਾਂਝੇ ਤੌਰ ਤੇ ਮਈ ਦਿਵਸ ਮਨਾਉਣਾ ਬੜੀਆਂ ਹਾਂ ਪੱਖੀ ਘਟਨਾਵਾਂ ਹਨ।

ਤਲਵਾੜਾ ਟਾਊਨਸ਼ਿਪ ਸਰਕਾਰੀ ਮੁਲਾਜ਼ਮਾਂ ਦਾ ਸ਼ਹਿਰ ਹੈ। ਬਿਆਸ ਡੈਮ ਦੀ ਉਸਾਰੀ ਵੇਲੇਂ ਇਹ ਟਾਊਨ ਸ਼ਿਪ ਵਸਾਇਆ ਗਿਆ ਸੀ। ਪਿਛਲੇ ਕੁਝ ਸਾਲਾਂ ਤੋਂ ਇਸ ਟਾਊਨਸ਼ਿਪ ਵਿਚ ਕੁਝ ਜਾਗਰੂਪ ਸਾਥੀ ਡੈਮੋਕਰੇਟਿਕ ਪੀਪਲਜ਼ ਫਰੰਟ ਦੀ ਸੰਸਥਾਂ ਦੇ ਨਾਂ ਥਲੇ ਹਰ ਕਿਸਮ ਦੀਆਂ ਜਮਹੂਰੀ ਸਰਗਰਮੀਆਂ ਕਰ ਰਹੇ ਹਨ। ਇਹਨਾਂ ਸਰਗਰਮੀਆਂ ਵਿਚ ਜਿਥੇ ਸਾਹਿਤ ਸਭਾ ਬਣਾ ਕੇ ਸਾਹਿਤਕ ਸਰਗਰਮੀਆਂ ਕਰਨੀਆਂ ਹਨ ਉਥੇ ਫ਼ਿਰਕੂ ਨਫ਼ਰਤ ਦੇ ਵਿਰੁਧ ਸੰਘਰਸ਼ ਵੀ ਸ਼ਾਮਲ ਹਨ। ਸਾਈਕਲਾਂ ਤੇ ਚੜ੍ਹਕੇ ਆਸ ਪਾਸ ਦੇ ਪਿੰਡਾਂ ਵਿਚ ਫਿਰਕੂ ਸਦਭਾਵਨਾ ਲਈ ਝੰਡਾ ਮਾਰਚ ਕਰਨਾ, ਹਾਜੀਪੁਰ ਵਿਚ ਹੋਏ ਫਿਰਕੂ ਦੰਗਿਆਂ ਦੇ ਦਰਮਿਆਨ ਨਿਰਪੱਖ ਹੋ ਕੇ ਹਰ ਘਟਨਾ ਦੀ ਛਾਣਬੀਣ ਕਰਨੀ ਅਤੇ ਅਫ਼ਵਾਹਾਂ ਨੂੰ ਥਾਂ ਸਿਰ ਠੱਪ ਕਰਨਾ, ਔਰਤਾਂ ਉਤੇ ਹੋ ਰਹੇ ਜੱਬਰ ਵਿਰੁਧ ਸਰਗਰਮ ਤਰੀਕੇ ਨਾਲ ਦਖਲ ਅੰਦਾਜ਼ੀ ਕਰਨਾ ਆਦਿਕ ਇਸ ਫਰੰਟ ਦੀਆਂ ਸਰਗਰਮੀਆਂ ਰਹੀਆਂ ਹਨ। ਮਈ ਦਿਵਸ ਦੀ ਪਹਿਲੀ ਸ਼ਤਾਬਦੀ ਮਨਾਉਣ ਲਈ 'ਮਈ ਦਿਵਸ ਦੀ ਸਾਂਝੀ ਤਿਆਰੀ ਕਮੇਟੀ ਵਿਚ ਸਰਗਰਮ ਭਾਗ ਲੈਣਾ ਇਸ ਫਰੰਟ ਦੀ ਇਕ ਵਡੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਇਸ ਸਾਝੀ ਤਿਆਰੀ ਕਮੇਟੀ ਵਲੋਂ ਜਿਸ ਵਿਚ 18 ਮੁਲਾਜ਼ਮ ਜਥੇਬੰਦੀਆਂ ਸ਼ਾਮਲ ਸਨ, ਮਈ ਦਿਵਸ ਨੂੰ ਬੜੇ ਵਿਉਂਤਬੰਦ ਤਰੀਕੇ ਨਾਲ ਮਨਾਇਆ ਗਿਆ। ਵੱਖ ਵੱਖ ਯੂਨੀਅਨਾਂ ਦੇ ਦਫਤਰਾਂ ਉਤੇ ਝੰਡਾ ਲਹਿਰਾਉਣ ਵੇਲੇ ਬਾਕੀ ਦੂਜੀਆਂ ਯੂਨੀਅਨਾਂ ਦੇ ਕਾਰਕੁਨਾਂ ਦਾ ਹਾਜ਼ਰ ਹੋਣਾ, ਇਕ ਹਫਤਾ ਪਹਿਲੇ ਹੀ ਸਰਗਰਮੀਆਂ ਸ਼ੁਰੂ ਕਰ ਦੇਣੀਆਂ, ਦਫਤਰਾਂ ਤੇ ਘਰਾਂ ਵਿਚ ਦੀਪਮਾਲਾ ਕਰਨੀ, ਨਗਾਰਿਆਂ ਦੀ ਚੋਟ ਤੇ ਸਾਂਝਾ ਜਲੂਸ ਕਢਣਾ, ਤੇ ਫੇਰ ਇਕ ਸਾਂਝੀ ਥਾਂ ਵਡਾ ਜਲਸਾ ਕਰਨਾਂ, ਜਿਸ ਵਿਚ ਇਨ-ਕਲਾਬੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਣਾ, ਦਸਦਾ ਹੈ ਕਿ ਅਗਰ ਲੋਕ ਪੱਖੀ ਸਿਆਸਤ ਨੂੰ ਸਹੀ ਤੌਰ ਤੇ ਲੋਕਾਂ ਅਗੇ ਪੇਸ਼ ਕੀਤਾ ਜਾਏ ਤਾਂ ਲੋਕਾਂ ਵਲੋਂ ਹੁੰਗਾਰੇ ਦੀ ਘਾਟ ਨਹੀਂ (ਡੈਮੋਕਰੇਟਿਕ ਪੀਪਲਜ਼ ਫਰੰਟ ਵਾਲੇ ਸਾਥੀਆਂ ਨੇ ਸ਼ਿਵਾਲਕ ਕਲਾ ਮੰਚ ਤਲਵਾੜਾ, ਅਪਣਾ ਇਕ ਨਾਟਕ ਗਰੁਪ ਵੀ ਬਣਾਇਆ ਹੈ ਜੋ ਪਲਸ ਮੰਚ ਦੀ ਇਕਾਈ ਦੇ ਤੌਰ ਕਲਾ ਦੇ ਖੇਤ੍ਰ ਵਿਚ ਬਹੁਤ ਵਧੀਆ ਕੰਮ ਕਰ ਰਿਹਾ ਹੈ। ਇਸੇ ਕਲਾ ਮੰਚ ਵਲੋਂ ਮਈ ਦਿਹਾੜੇ ਤੇ ਇਕ ਵਿਸਾਲ ਸਭਿਆਚਾਰਕ ਪ੍ਰੋਗਰਾਮ ਤਲਵਾੜਾ ਵਿਖੇ ਪੇਸ਼ ਕੀਤਾ ਗਿਆ ਹੈ)।

ਮਈ ਦਿਵਸ ਦੀ ਸਾਂਝੀ ਕਮੇਟੀ ਵਲੋਂ ਇਕ ਵਡੀ ਸਾਈਜ਼ ਦਾ ਪੋਸਟਰ ਤਲਵਾੜਾ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਲਗਾਇਆ ਗਿਆ। ਇਸ ਪੋਸਟਰ ਦੀ ਨਕਲ ਹੇਠਾਂ ਦਿਤੀ ਜਾ ਰਹੀ ਹੈ, ਕਿਉਂਕਿ ਮੇਰਾ ਖ਼ਿਆਲ ਹੈ ਕਿ ਇਹ ਪੋਸਟਰ ਸਾਂਝੀਆਂ ਕਾਰਵਾਈਆਂ ਲਈ ਮਾਰਗ ਦਰਸ਼ਕ ਸਾਬਤ ਹੋ ਸਕਦਾ ਹੈ। ਜਿਨ੍ਹਾਂ 18 ਜਥੇਬੰਦੀਆਂ ਨੇ ਇਸ ਸਾਂਝੀ ਕਮੇਟੀ ਵਿਚ ਸ਼ਮੂਲੀਅਤ ਕੀਤੀ, ਉਹਨਾਂ ਦੇ ਸਿਆਸੀ ਦ੍ਰਿਸ਼ਟੀਕੋਣ ਜ਼ਰੂਰੀ ਨਹੀਂ, ਆਪਸ ਵਿਚ ਮਿਲਦੇ ਹੋਣ ਪਰ ਇਕ ਘੱਟ ਤੋਂ ਘੱਟ ਸਾਂਝੀ ਸੋਚ ਜ਼ਰੂਰ ਬਣਾਈ ਜਾ ਸਕਦੀ ਹੈ ਅਤੇ ਇਮਾਨਦਾਰੀ ਨਾਲ ਕੰਮ ਕੀਤਿਆਂ ਲੋਕ ਪੱਖੀ ਸਿਆਸਤ ਵਾਸਤੇ ਬੜੇ ਹਾਂ ਪੱਖੀ ਨਤੀਜੇ ਕਢੇ ਜਾ ਸਕਦੇ ਹਨ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ, ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

(ਇਸ਼ਤਿਹਾਰ ਦੀ ਨਕਲ)

## ਮਿਹਨਤਕਸ਼ਾਂ ਦਾ ਇਨਕਲਾਬੀ ਤਿਉਹਾਰ, 100ਵਾਂ ਮਈ ਦਿਹਾੜਾ-ਜ਼ਿੰਦਾਬਾਦ

ਮਈ ਦਿਵਸ ਦੇ ਸ਼ਹੀਦਾਂ ਨੂੰ-ਲਾਲ ਸਲਾਮ !
ਦੁਨੀਆਂ ਭਰ ਦੇ ਕਾਮਿਓ-ਇਕ ਹੋ ਜਾਓ !
ਸਾਮਰਾਜਵਾਦ-ਪੂੰਜੀਵਾਦ-ਮੁਰਦਾਬਾਦ !
ਜਾਬਰ ਕਾਲੇ ਕਾਨੂੰਨ-ਮੁਰਦਾਬਾਦ !
ਹਿੰਦੂ-ਸਿੱਖ-ਏਕਤਾ-ਜ਼ਿੰਦਾਬਾਦ !
ਫਿਰਕੂ ਜਨੂੰਨੀ ਅਨਸਰ-ਮੁਰਦਾਬਾਦ !

**"ਕਾਮਿਆਂ ਦੀ ਕੌਮ ਦਾ ਤੂਫਾਨ ਆਏਗਾ-ਜਾਬਰਾਂ ਦੇ ਤਖ਼ਤ ਨੂੰ ਜੜ੍ਹੋਂ ਹਿਲਾਏਗਾ"**

**ਕੁਲ ਦੁਨੀਆਂ ਦੇ ਮਿਹਨਤਕਸ਼ ਲੋਕਾਂ ਦੇ ਸਾਂਝੇ ਇਨਕਲਾਬੀ ਸੰਘਰਸ਼ ਦੇ ਮਹਾਨ ਪ੍ਰਤੀਕ 'ਮਈ ਦਿਵਸ' ਦੀ ਸੌ ਸਾਲਾ ਵਰ੍ਹੇਗੰਢ ਦੇ ਯਾਦਗਾਰੀ ਸਮਾਗਮਾਂ ਵਿਚ**

### ਇਨਕਲਾਬੀ ਜੋਸ਼ ਨਾਲ ਸ਼ਾਮਲ ਹੋਵੋ

**ਸਮੂਹ ਮਿਹਨਤਕਸ਼ ਤੇ ਇਨਸਾਫ਼-ਪਸੰਦ ਲੋਕੋ, 'ਮਈ ਦਿਵਸ' ਮਿਹਨਤਕਸ਼ਾਂ ਦੀ ਹੱਕੀ ਜੰਗ ਦਾ ਦਾ ਚਾਨਣ ਮੁਨਾਰਾ ਹੈ**

**ਸਾਥੀਓ,** ਇਸ ਇਕ ਮਈ 1986 ਨੂੰ ਅਸੀਂ, ਉਸ ਇਕ ਮਈ 1886 ਦੀ ਪਹਿਲੀ ਸ਼ਤਾਬਦੀ ਮਨਾਉਣ ਜਾ ਰਹੇ ਹਾਂ, ਜਿਸ ਦਿਨ ਅਣਮਨੁਖੀ ਲੁੱਟ ਅਤੇ ਜਬਰ ਦੇ ਵਿਰੁਧ ਜੂਝ ਰਹੀ ਕਿਰਤੀ ਜਮਾਤ ਦੇ ਇਕ ਖਾੜਕੂ ਅੰਗ ਵਜੋਂ, ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੇ ਬਹਾਦਰ ਮਜ਼ਦੂਰ ਆਪਣੀਆਂ ਹੱਕੀ ਅਤੇ ਬੁਨਿਆਦੀ ਮੰਗਾਂ ਲਈ ਸੜਕਾਂ ਤੇ ਨਿੱਤਰੇ ਸਨ ਅਤੇ ਸਰਮਾਏਦਾਰ ਲੁਟੇਰਿਆਂ ਦੇ ਹਮਲਿਆ ਵਿਰੁਧ ਦਲੇਰੀ ਨਾਲ ਨਾਲ ਜੂਝਦਿਆਂ, ਆਪਣਾ ਪਵਿੱਤਰ ਖ਼ੂਨ ਵਹਾ ਕੇ, ਮਜ਼ਦੂਰ ਜਮਾਤ ਦੇ ਕੌਮਾਂਤਰੀ ਝੰਡੇ ਨੂੰ ਸਦਾ ਲਈ ਲਾਲ ਰੰਗ ਵਿਚ ਰੰਗ ਗਏ ਸਨ। ਉਹਨਾਂ ਦੀ ਇਸ ਕੁਰਬਾਨੀ ਨੇ, ਲੋਟੂਆਂ ਤੇ ਲੁੱਟੇ ਜਾਣ ਵਾਲਿਆਂ ਦਰਮਿਆਨ ਚਲ ਰਹੀ ਜੰਗ ਨੂੰ ਇਕ ਨਵਾਂ ਰੂਪ, "ਲੁੱਟ -ਖਸੁੱਟ ਤੋਂ ਪੂਰਨ ਮੁਕਤੀ ਲਈ ਜੰਗ" ਦਾ ਰੂਪ ਦੇ ਦਿੱਤਾ।

### ਜੰਗ ਅਜੇ ਮੁੱਕੀ ਨਹੀਂ

ਭਾਵੇਂ ਮਈ ਦਿਵਸ ਦੇ ਮਹਾਨ ਸ਼ਹੀਦਾਂ ਵਲੋਂ ਉਲੀਕੇ ਰਾਹ ਤੇ ਚਲਦਿਆਂ, ਸੰਸਾਰ ਦੀ ਮਿਹਨਤਕਸ਼ ਜਮਾਤ ਨੇ ਪਿਛਲੇ ਸੌ ਸਾਲਾਂ ਵਿਚ ਅਨੇਕਾਂ ਮਹਾਨ ਪ੍ਰਾਪਤੀਆਂ ਕੀਤੀਆਂ ਹਨ ਅਤੇ ਸਾਮਰਾਜੀ ਲੁਟੇਰਿਆਂ ਅਤੇ ਉਹਨਾਂ ਦੇ ਭਾਈਵਾਲਾਂ ਦਾ ਮੂੰਹ ਭੰਨਦੇ ਹੋਏ, ਸੰਸਾਰ ਦੇ ਤੀਜੇ ਹਿੱਸੇ ਉਤੇ ਆਪਣਾ ਸਮਾਜਵਾਦੀ ਰਾਜ-ਪ੍ਰਬੰਧ ਵੀ ਕਾਇਮ ਕਰ ਲਿਆ। ਪਰ ਮਨੁੱਖਤਾ ਨੂੰ ਲੁੱਟ-ਖਸੁੱਟ ਤੋਂ ਪੂਰਨ ਤੌਰ ਤੇ ਮੁਕਤ ਕਰਾਉਣ ਲਈ, ਮਿਹਨਤਕਸ਼ ਜਮਾਤ ਦਾ ਇਹ ਇਨਕਲਾਬੀ ਸੰਘਰਸ਼ ਅਨੇਕਾਂ ਵੰਨ-ਸੁਵੰਨੇ ਰੂਪਾਂ ਵਿਚ ਸੰਸਾਰ ਦੇ ਵਿਸ਼ਾਲ ਭਾਗਾਂ ਵਿਚ ਅੱਜ ਵੀ ਪੂਰੇ ਧੜੱਲੇ ਨਾਲ ਜਾਰੀ ਹੈ।

### ਦੁਸ਼ਮਣ ਦੀਆਂ ਸਾਜ਼ਿਸ਼ਾਂ ਤੋਂ ਸੁਚੇਤ ਰਹੋ

ਸੰਸਾਰ ਭਰ ਦੇ ਰੂੜੀਵਾਦੀਆਂ, ਰਜਵਾੜਿਆਂ, ਡਿਕਟੇਟਰਾਂ, ਸਰਮਾਏਦਾਰਾਂ ਆਦਿ ਸਮੂਹ ਪਿਛੇਖਿਚੂਆਂ ਨੇ ਅਜੇ ਤੀਕ ਆਪਣੀ ਹੋਣੀ ਨੂੰ ਸਵੀਕਾਰ ਨਹੀਂ ਕੀਤਾ। ਸਗੋਂ ਉਹ ਸਭ ਆਪਣੇ ਆਕਾ ਸਾਮਰਾਜ ਦੀ ਛਤਰ-ਛਾਇਆ ਹੇਠ ਸੰਸਾਰ ਦੇ ਕੋਨੇ ਕੋਨੇ ਵਿਚ ਮਿਹਨਤਕਸ਼ਾਂ ਤੇ ਉਹਨਾਂ ਇਨਕਲਾਬੀ ਲਹਿਰਾਂ ਨੂੰ ਕੁਚਲਣ ਅਤੇ ਉਹਨਾਂ ਵਲੋਂ ਪਹਿਲਾਂ ਕੀਤੀਆਂ ਪ੍ਰਾਪਤੀਆਂ ਨੂੰ ਖੋਹਣ ਲਈ, ਨਿੱਤ ਰੋਜ਼ ਕੋਝੀਆਂ, ਭਿਆਨਕ ਤੇ ਜਾਬਰ ਚਾਲਾਂ ਚਲ ਰਹੇ ਹਨ। ਲੁੱਟ ਦੇ ਮਾਲ ਦੀ ਵੰਡ ਦਾ ਕਾਰਨ ਆਪਸ ਵਿਚ ਪੈਦਾ ਹੋਈ ਦੁਸ਼ਮਣੀ ਨੂੰ ਨਜਿੱਠਣ ਅਤੇ ਮਿਹਨਤਕਸ਼ ਜਨਤਾ ਦੀਆਂ ਇਨਕਲਾਬੀ ਲਹਿਰਾਂ ਤੋਂ ਆਪਣੀ ਰੱਖਿਆ ਕਰਨ ਲਈ, ਇਹ ਸਾਮਰਾਜੀਏ ਅਤੇ ਉਹਨਾਂ ਦੇ ਬੂਟ-ਚੱਟ, ਦਿਨ ਰਾਤ ਭਿਆਨਕ ਤੇ ਤਬਾਹ-ਕੁੰਨ ਪ੍ਰਮਾਣੂ ਹਥਿਆਰ ਤਿਆਰ ਕਰਨ ਵਿਚ ਲਗੇ ਹੋਏ ਹਨ। ਆਪਣੇ ਮੁਨਾਫੇ ਅਤੇ ਲੁੱਟ ਦੀ ਰਖਿਆ ਕਰਨ ਲਈ, ਉਹਨਾਂ ਨੂੰ ਸਾਰੀ ਮਨੁੱਖਤਾ ਅਤੇ ਇਸ ਦੀਆਂ ਵਿਸ਼ਾਲ ਪ੍ਰਾਪਤੀਆਂ ਨੂੰ ਸਾੜ ਕੇ ਸੁਆਹ ਕਰ ਦੇਣ ਵਿਚ ਕੋਈ ਝਿਜਕ ਨਹੀਂ! ਸੰਸਾਰ ਦੇ ਕਰੋੜਾਂ ਸਮਾਜਵਾਦੀ ਅਤੇ ਅਮਨ-ਪਸੰਦ ਲੋਕਾਂ ਦੀ ਸਰਗਰਮ ਵਿਰੋਧਤਾ ਦੇ ਬਾਵਜੂਦ ਇਹ ਸਾਮਰਾਜੀ ਜਾਬਰ ਆਪਣੀਆਂ ਭੜਕਾਊ ਸਾਜ਼ਿਸ਼ਾਂ ਰਾਹੀਂ ਤੀਜੀ ਵਿਨਾਸ਼ਕਾਰੀ ਸੰਸਾਰ ਜੰਗ ਦਾ ਰਾਹ ਪੱਧਰਾ ਕਰ ਰਹੇ ਹਨ। ਹੁਣੇ ਹੁਣੇ ਲਿਬੀਆ ਤੇ ਹੋਇਆ ਅਮਰੀਕੀ ਹਮਲਾ ਇਸ ਦੀ ਤਾਜ਼ਾ ਮਿਸਾਲ ਹੈ।

ਸੰਸਾਰ ਜੰਗ ਅਤੇ ਜਮਾਤੀ ਲੁੱਟ-ਖਸੁੱਟ ਤੋਂ ਸਿਵਾ ਇਹ ਸਰਮਾਏਦਾਰ ਤੇ ਸਾਮਰਾਜੀ ਲੁਟੇਰੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿਚ ਉਥੋਂ ਦੇ ਗਲਤ ਅਤੇ ਲੋਟੂ ਸਮਾਜਿਕ ਪ੍ਰਬੰਧ ਦੇ ਖਿਲਾਫ ਆਮ ਜਨਤਾ ਵਿਚ ਪੈਦਾ ਹੋ ਰਹੇ ਗੁਸੇ ਅਤੇ ਬੇਚੈਨੀ ਦੀ ਦੁਰਵਰਤੋਂ ਕਰਦਿਆਂ ਆਪਣੇ ਗੁਮ-ਰਾਹ-ਕੁੰਨ ਪ੍ਰਚਾਰ ਰਾਹੀਂ ਲੋਕਾਂ ਨੂੰ ਕੌਮਵਾਦ, ਇਲਾਕਾ-ਵਾਦ, ਜਾਤਵਾਦ, ਫਿਰਕਾਪ੍ਰਸਤੀ, ਨਸਲਪ੍ਰਸਤੀ ਅਤੇ

ਅੰਨ੍ਹੇ ਰਾਸ਼ਟਰਵਾਦ ਆਦਿ ਦਾ ਸ਼ਿਕਾਰ ਬਣਾ ਰਹੇ ਹਨ। ਉਹ ਲੋਕਾਂ ਦੀ ਭਾਈਚਾਰਕ ਸਦਭਾਵਨਾ ਅਤੇ ਜਮਾਤੀ-ਏਕਤਾ ਨੂੰ ਤੋੜ ਕੇ ਉਹਨਾਂ ਦਰਮਿਆਨ "ਭਰਾ-ਮਾਰੂ ਜੰਗ" ਛੇੜਦੇ ਹਨ ਤੇ ਆਪਣੀ ਉਮਰ ਲੰਬੀ ਕਰਦੇ ਹਨ।

ਵਰਤਮਾਨ ਸਮੇਂ ਵਿਚ, ਸਾਡਾ ਦੇਸ਼ ਤੇ ਖਾਸ ਕਰਕੇ ਪੰਜਾਬ, ਅਜਿਹੀਆਂ ਲੋਕ ਵਿਰੋਧੀ ਸਾਜ਼ਿਸ਼ਾਂ ਦਾ ਪਰਮੁਖ ਅਖਾੜਾ ਬਣਿਆ ਹੋਇਆ ਹੈ। ਪਿਛਾਂਹਖਿਚੂਆਂ ਦੀ ਸਰਕਾਰ ਅਮਰੀਕਾ ਅਤੇ ਉਸਦੇ ਹਮਾਇਤੀ ਹੋਰ ਸਾਮਰਾਜੀ ਦੇਸ਼ ਮਿਲ ਕੇ, ਸਾਡੇ ਸੂਬੇ ਤੇ ਦੇਸ਼ ਵਿਚਲੀ ਬੇਚੈਨੀ ਦਾ ਲਾਹਾ ਲੈਂਦਿਆਂ, ਪੰਜਾਬ ਤੇ ਹੋਰਨਾਂ ਸੂਬਿਆਂ ਵਿਚ ਆਪਣੀਆਂ ਕਠਪੁਤਲੀਆਂ ਸਰਕਾਰਾਂ ਖੜੀਆਂ ਕਰਨ ਅਤੇ ਆਪਣੇ ਜੰਗੀ ਅੱਡੇ ਕਾਇਮ ਕਰਨ ਦੇ ਸਿਰਤੋੜ ਯਤਨ ਕਰ ਰਹੇ ਹਨ। ਪਾਕਿਸਤਾਨ ਵਰਗੇ ਦੇਸ਼ਾਂ ਦੀਆਂ ਤਾਨਾਸ਼ਾਹ ਸਰਕਾਰਾਂ, ਸਾਮਰਾਜ ਦੇ ਇਸ਼ਾਰੇ ਤੇ ਆਪਣੇ ਲੋਕਾਂ ਨੂੰ ਕੁਚਲਣ ਦੇ ਨਾਲ ਨਾਲ ਗੁਆਂਢੀ ਦੇਸ਼ਾਂ ਵਿਚ ਵੀ ਸਾਮਰਾਜ ਦੇ ਗੁਰਗਿਆਂ ਵਾਲਾ ਰੋਲ ਤੇ ਭੜਕਾਊ ਸਾਜ਼ਿਸ਼ਾਂ ਕਰ ਰਹੀਆਂ ਹਨ। ਖੁਦ ਭਾਰਤ ਦੀ ਸਰਮਾਏਦਾਰਾਨਾ ਸਰਕਾਰ ਦਾ ਰੋਲ ਵੀ ਆਪਣੇ ਗੁਆਂਢੀਆਂ ਪ੍ਰਤੀ ਤਕਰੀਬਨ ਐਸਾ ਹੀ ਹੈ।

## ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ

ਅਜਿਹੀ ਤਣਾਅਪੂਰਣ ਅਤੇ ਵਿਸਫੋਟਕ ਸਥਿਤੀ 'ਚੋਂ ਨਿਕਲਣ ਲਈ ਆਓ ਮਈ ਦਿਵਸ ਦੀ ਪਹਿਲੀ ਸ਼ਤਾ-ਬਦੀ ਦੇ ਇਸ ਇਤਿਹਾਸਕ ਮੌਕੇ ਤੇ ਆਪਾਂ ਸਭ ਮਿਲ ਕੇ ਪ੍ਰਣ ਕਰੀਏ ਕਿ ਅਸੀਂ ਆਪਣੇ ਦੇਸ਼ ਦੀ ਲੋਕ-ਵਿਰੋਧੀ ਸਰਕਾਰ ਸਮੇਤ ਸਭਨਾਂ ਪਿਛਾਂਹਖਿਚੂਆਂ ਦੀਆਂ ਗੁਮਰਾ-ਹਕੁਨ ਚਾਲਾਂ ਨੂੰ ਅਸਫ਼ਲ ਬਣਾਉਂਦਿਆਂ ਸਦਾ ਇਨਕ-ਲਾਬੀ ਜਮਾਤੀ ਸੰਘਰਸ਼ ਦਾ ਸੂਹਾ ਪਰਚਮ ਬੁਲੰਦ ਕਰਾਂਗੇ ਅਤੇ ਦੇਸ਼ ਦੇ ਸਮੂਹ ਮਿਹਨਤਕਸ਼ ਲੋਕਾਂ ਦੀ ਏਕਤਾ ਨੂੰ ਮਜ਼ਬੂਤ ਕਰਦਿਆਂ ਮਨੁੱਖ ਹੱਥੋਂ ਮਨੁੱਖ ਦੀ ਲੁਟ ਖਤਮ ਕਰਨ ਲਈ ਇਨਕਲਾਬ ਦੇ ਸ਼ਾਹ-ਰਾਹ ਤੇ ਪੂਰੀ ਦ੍ਰਿੜ੍ਹਤਾ ਨਾਲ ਅਗੇ ਵਧਦੇ ਜਾਵਾਂਗੇ। ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਨ ਦਾ ਇਕੋ ਇਕ ਸਹੀ ਢੰਗ ਏਹੀ ਹੈ।

## 'ਮਈ ਦਿਵਸ ਸ਼ਤਾਬਦੀ' ਦੇ ਪ੍ਰੋਗਰਾਮ

- o 25 ਅਪ੍ਰੈਲ ਤੋਂ 30 ਅਪ੍ਰੈਲ ਤਕ ਵੱਖ ਵੱਖ ਥਾਵਾਂ ਤੇ ਸਾਂਝੀਆਂ ਮੀਟਿੰਗਾਂ, ਗੇਟ ਮੀਟਿੰਗਾਂ ਅਤੇ ਰੈਲੀਆਂ।
- o 1 ਮਈ ਸਵੇਰੇ ਚਾਰ ਵਜੇ ਸਾਂਝਾ ਸਦਭਾਵਨਾ ਮਾਰਚ।
- o 1 ਮਈ ਸਵੇਰੇ ਨੌਂ ਵਜੇ ਸਭਨਾਂ ਜਥੇਬੰਦੀਆਂ ਦੇ ਦਫਤਰਾਂ ਤੇ ਝੰਡਾ ਲਹਿਉਰਾਉਣ ਦੀ ਰਸਮ ਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ।
- o 1 ਮਈ ਸ਼ਾਮ ਪੰਜ ਵਜੇ ਨਰਸਰੀ ਗਰਾਊਂਡ ਵਿਚ ਵਿਸ਼ਾਲ ਸਾਂਝਾ ਜਲਸਾ।

(ਵਿਸ਼ੇਸ਼ ਨੋਟ :-ਜਲਸੇ ਵਿਚ 'ਸ਼ਿਵਾਲਿਕ ਕਲਾ ਮੰਚ' ਤਲਵਾੜਾ ਤੇ ਹੋਰਨਾਂ ਕਲਾਕਾਰਾਂ ਵਲੋਂ ਸ਼ਾਨਦਾਰ ਇਨਕਲਾਬੀ ਗੀਤ ਅਤੇ ਸਮੂਹ ਗੀਤ ਪੇਸ਼ ਕੀਤੇ ਜਾਣਗੇ।)

- o 1 ਮਈ ਰਾਤ ਜਥੇਬੰਦੀਆਂ ਦੇ ਦਫਤਰਾਂ ਤੇ ਦੀਪ-ਮਾਲਾ

ਵਲੋਂ :-

- o ਪੌਂਗ ਡੈਮ ਲੇਬਰ ਯੂਨੀਅਨ ਤਲਵਾੜਾ (ਏਟਕ)
- o ਮੁਕੇਰੀਆਂ ਹਾਈਡਲ ਪੀ.ਐਸ.ਈ.ਬੀ. ਇਂਪਲਾਈਜ਼ ਐਂਡ ਵਰਕਰਜ਼ ਜਾਂਇੰਟ ਐਕਸ਼ਨ ਕਮੇਟੀ ਤਲਵਾੜਾ
- o ਹਾਈਡਲ ਵਰਕਰਜ਼ ਯੂਨੀਅਨ ਤਲਵਾੜਾ (ਸੀਟੂ)
- o ਹਾਈਡਲ ਮਜ਼ਦੂਰ ਯੂਨੀਅਨ ਤਲਵਾੜਾ (ਏਟਕ)
- o ਗੌਰਮਿੰਟ ਟੀਚਰ ਯੂਨੀਅਨ ਤਲਵਾੜਾ
- o ਡੈਮੋਕਰੇਟਿਕ ਪੀਪਲਜ਼ ਫਰੰਟ, ਤਲਵਾੜਾ
- o ਟੈਕਨੀਕਲ ਸਰਵਿਸ ਯੂਨੀਅਨ ਤਲਵਾੜਾ
- o ਪੰਜਾਬੀ ਸਾਹਿਤ ਸਭਾ ਤਲਵਾੜਾ
- o ਡੈਮੋਕਰੇਟਿਕ ਯੂਥ ਫੈਡਰੇਸ਼ਨ ਆਫ ਇੰਡੀਆ, ਤਲਵਾੜਾ
- o ਪੀ.ਐਸ.ਐਸ.ਐਫ. ਤਲਵਾੜਾ
- o ਡਰਾਇੰਗ ਸਟਾਫ ਐਸੋਸੀਏਸ਼ਨ ਤਲਵਾੜਾ
- o ਪੰਜਾਬ ਇਰੀਗੇਸ਼ਨ ਕਲੈਰੀਅਲ ਐਸੋਸੀਏਸ਼ਨ ਤਲਵਾੜਾ
- o ਡਿਪਲੋਮਾਂ ਇੰਜੀਨੀਅਰਜ਼ ਐਸੋਸੀਏਸ਼ਨ ਤਲਵਾੜਾ (ਇਰੀਗੇਸ਼ਨ)
- o ਰੀਸਰਚ ਸਟਾਫ ਐਸੋਸੀਏਸ਼ਨ ਤਲਵਾੜਾ
- o ਮੁਕੇਰੀਆਂ ਹਾਈਡਲ ਇੰਪਲਾਈਜ਼ ਯੂਨੀਅਨ (ਏਟਕ)
- o ਭਾਖੜਾ ਪਾਵਰ ਵਿੰਗ ਇੰਪਲਾਈਜ਼ ਐਸੋਸੀਏਸ਼ਨ ਤਵਵਾੜਾ
- o ਕਾਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਤਲਵਾੜਾ
- o ਪੰਜਾਬ ਪੀ. ਡਬਲਯੂ. ਡੀ. ਡਰਾਈਵਰ ਯੂਨੀਅਨ ਤਲਵਾੜਾ ਮਿਤੀ 25-4-86

ਪ੍ਰਕਾਸ਼ਕ :-

**ਮਈ ਦਿਵਸ ਸਾਂਝੀ ਤਿਆਰੀ ਕਮੇਟੀ, ਤਲਵਾੜਾ**

---

o ਸਹੀ ਸਿਆਸਤ ਵੱਲ ਪ੍ਰੋੜ੍ਹ ਕਦਮੀ ਦੀ ਇਕ ਹੋਰ ਮਿਸਾਲ ਪੰਜਾਬ ਦੀਆਂ ਦੋ ਇਨਕਲਾਬੀ ਜਥੇਬੰਦੀਆਂ ਭਾਰਤੀ ਕਮਿਊਨਿਸਟ ਪਾਰਟੀ (ਮ-ਲ) ਕੇਂਦਰੀ ਟੀਮ ਦੀ ਪੰਜਾਬ ਇਕਾਈ ਅਤੇ ਨਾਗੀ ਰੈਡੀ ਗਰੁੱਪ (ਯੂ.ਸੀ.ਸੀ. ਆਰ.ਆਈ.) (ਮ-ਲ) ਦਾ ਲੁਧਿਆਣਾ ਵਿਖੇ ਸਾਂਝੇ ਤੌਰ ਤੇ ਮਈ ਦਿਵਸ ਮਨਾਇਆ ਜਾਣਾ ਹੈ ਜਿਸ ਵਿਚ ਇਹਨਾਂ ਗਰੁੱਪਾਂ ਨਾਲ ਸੰਬੰਧਤ ਅੱਠ ਜਥੇਬੰਦੀਆਂ ਦਾ ਹਿੱਸਾ ਲੈਣਾ ਹੈ। ਇਨਕਲਾਬੀ ਸਿਆਸਤ ਦੇ ਜਾਣਕਾਰ ਜਾਣਦੇ ਹਨ

ਕਿ ਸਮੁੱਚੀ ਦੇਸ਼ ਦੀ ਸਿਆਸਤ ਦੇ ਸੰਦਰਭ ਵਿਚ ਇਹਨਾਂ ਗਰੁੱਪਾਂ ਦੀ ਸਿਆਸਤ ਵਿਚ ਬੜੇ ਸੰਜੀਦਾ ਕਿਸਮ ਦੇ ਮੱਤ ਭੇਦ ਹਨ, ਜਿਸ ਤਰ੍ਹਾਂ ਹੋਰ ਇਨਕਲਾਬੀ ਗਰੁੱਪਾਂ ਦੇ ਦਰਮਿਆਨ ਵੀ ਮੱਤ ਭੇਦ ਹਨ। ਫੇਰ ਸਾਂਝੀ ਕਾਰਵਾਈ ਦਾ ਆਧਾਰ ਕੀ ਹੈ। ਉਹ ਫੌਰੀ ਤੌਰ ਤੇ ਹਕੂਮਤੀ ਜਬਰ, ਫ਼ਿਰਕੂ ਦਹਿਸ਼ਤਗਰਦੀ, ਫਿਰਕੂ ਜਥੇਬੰਦੀਆਂ ਵਲੋਂ ਫਿਰਕੂ ਜ਼ਹਿਰ ਫੈਲਾਉਣ ਦੀਆਂ ਕਾਰਵਾਈਆਂ ਦੀ ਸਰਗਰਮ ਵਿਰੋਧਤਾ ਹੈ। ਇਹ ਸਾਂਝੀ ਕਾਰਵਾਈ ਆਪਣੇ ਵਿਸ਼ਾਲਤਾ ਦੇ ਘੇਰੇ ਨੂੰ ਕਿੰਨਾ ਵਧਾ ਸਕਦੀ ਹੈ, ਇਹ ਬਹੁਤ ਹੱਦ ਤੱਕ ਲੋਕਲ ਹਾਲਾਤ ਉਤੇ ਵੀ ਨਿਰਭਰ ਹੈ। ਤਲਵਾੜਾ ਦੇ ਸਾਥੀ ਸੀ.ਪੀ.ਆਈ. ਅਤੇ ਮਾਰਕਸੀ ਪਾਰਟੀਆਂ ਦੀਆਂ ਜਥੇਬੰਦੀਆਂ ਨੂੰ ਵੀ ਸ਼ਾਮਲ ਕਰ ਸਕੇ ਜਦੋਂ ਕਿ ਲੁਧਿਆਣਾ ਵਿਚ ਇਹ ਕਾਰਵਾਈ (ਮ-ਲ) ਦੋ ਗਰੁੱਪਾਂ ਤੱਕ ਹੀ ਸੀਮਤ ਰਹੀ। ਪਰ ਸਾਂਝੀ ਕਾਰਵਾਈ ਲਈ ਆਧਾਰ ਦੀਆਂ ਸ਼ਰਤਾਂ ਅਸੂਲਨ ਤੌਰ ਤੇ ਤਹਿ ਕੀਤੀਆਂ ਜਾ ਸਕਦੀਆਂ ਹਨ ਤੇ ਇਸ ਸੰਦਰਭ ਵਿਚ ਮੇਰੇ ਵਿਚਾਰ ਅਨੁਸਾਰ ਉਸ ਅਸੂਲ ਨੂੰ ਮੰਨ ਲੈਣਾ ਚਾਹੀਦਾ ਹੈ, ਜਿਸਦਾ ਜ਼ਿਕਰ 'ਸੁਰਖ ਰੇਖਾ' ਦੇ ਪਹਿਲੇ ਮਈ ਦੇ ਅੰਕ ਵਿਚ ਸਾਥੀ ਅਮੋਲਕ ਦੇ ਇਕ ਲੇਖ ਵਿਚ ਕੀਤਾ ਗਿਆ ਹੈ, ਜਿਸਦਾ ਸਿਰਲੇਖ ਹੈ 'ਜਬਰ ਅਤੇ ਫਿਰਕਾਪ੍ਰਸਤੀ ਦੇ ਟਾਕਰੇ ਲਈ ਸਾਂਝੇ ਮੰਚ ਨੂੰ ਵਿਸ਼ਾਲ ਅਤੇ ਮਜ਼ਬੂਤ ਕਰੋ' ਇਹ ਅਸੂਲ ਲੇਖਕ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਕਹੇ ਜਾ ਸਕਦੇ ਹਨ:

"ਅਸੀਂ ਆਪਣੀ ਜਥੇਬੰਦੀ ਦੀ ਸਮਝ ਉਪਰ ਹੀ ਦੂਜੀਆਂ ਜਥੇਬੰਦੀਆਂ ਦੀ ਪੂਰੀ ਪੂਰੀ ਸਹਿਮਤੀ ਕਰਨ ਜਾਂ ਉਹਨਾਂ ਉਪਰ ਸਮਝ ਦੀ ਸ਼ਰਤ ਮੜ੍ਹਨ ਦੀ ਕਿਸੇ ਕਿਸਮ ਦੀ ਵੀ ਕੱਟੜਮੁਖੀ ਪਹੁੰਚ ਅਪਨਾਉਣ ਦੇ ਧਾਰਨੀ ਨਹੀਂ। ਨਾ ਹੀ ਅਸੀਂ ਕੋਈ ਠੋਸ ਆਧਾਰ ਰਹਿਤ, ਨਿਸ਼ਾਨੇ ਰਹਿਤ ਬੇਅਸੂਲਾ ਗੱਠ ਜੋੜ ਕਰਨ ਦੇ ਇਛੁਕ ਹਾਂ।......ਸਾਂਝੀ ਐਕਸ਼ਨ ਕਮੇਟੀ ਦੇ ਪਲੇਟਫਾਰਮ ਤੋਂ ਕਮੇਟੀ ਵਲੋਂ ਤਹਿਸ਼ੁਦਾ ਪ੍ਰੋਗਰਾਮ ਦੀ ਰੌਸ਼ਨੀ 'ਚ ਹੀ ਸਰਗਰਮੀਆਂ ਹੋਣੀਆਂ ਚਾਹੀਦੀਆਂ ਹਨ। ਹਾਂ, ਜੇਕਰ ਕਮੇਟੀ 'ਚ ਸ਼ਾਮਲ ਕੋਈ ਵੀ ਜਥੇਬੰਦੀ ਵਧਵੀਂ ਸਰਗਰਮੀ ਕਰਨਾ ਚਾਹੁੰਦੀ ਹੈ ਤਾਂ ਉਹ ਆਪਣੇ ਪੱਧਰ ਤੇ ਕਰ ਸਕਦੀ ਹੈ। ਅਜਿਹਾ ਕਰਦੇ ਸਮੇਂ ਵੀ ਉਸਨੂੰ ਇਹ ਪੱਖ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸ ਦੀ ਸਰਗਰਮੀ ਦੇ ਹਮਲੇ ਦਾ ਨਿਸ਼ਾਨਾ ਤੱਤ ਰੂਪ 'ਚ ਉਹ ਤਾਕਤਾਂ ਰਹਿਣ ਜਿਨ੍ਹਾਂ ਨੂੰ ਐਕਸ਼ਨ ਕਮੇਟੀ ਵੀ ਆਪਣੀ ਸਰਗਰਮੀ ਦਾ ਚੋਟ ਨਿਸ਼ਾਨਾ ਮੰਨ ਕੇ ਤੁਰਦੀ ਹੈ। ਉਹਨਾਂ ਦੀ ਵਧਵੀਂ ਸਰਗਰਮੀ ਦਾ ਅਰਥ ਇਹ ਨਹੀਂ ਹੋਣਾ ਚਾਹੀਦਾ ਕਿ ਉਹੀ ਕਮੇਟੀ 'ਚ ਸ਼ਾਮਲ ਧਿਰਾਂ ਨੂੰ ਹੀ 'ਗਲਤ ਸਮਝ—ਗਲਤ ਪਹੁੰਚ' ਕਹਿ ਕੇ ਖੁੱਲ੍ਹੇਆਮ ਭੰਡੀ ਪ੍ਰਚਾਰ ਸ਼ੁਰੂ ਕਰ ਦੇਣ। ਲੋਕ ਦੋਖੀ ਵਿਰੁੱਧ ਉਹਨਾਂ ਨੂੰ ਵਧਵਾਂ ਐਕਸ਼ਨ ਦਿੰਦੇ ਸਮੇਂ ਕਮੇਟੀ ਸ਼ਾਮਲ ਧਿਰਾਂ ਪ੍ਰਤੀ ਉਸਾਰੂ ਭਰਾਤਰੀ ਰਵੱਈਆ ਯਕੀਨਨ ਬਣਾ ਕੇ ਹੀ ਤੁਰਨਾ ਚਾਹੀਦਾ ਹੈ।"

ਅੰਤ ਵਿਚ ਮੈਂ ਇਹ ਨੋਟ ਬੰਦ ਕਰਨ ਤੋਂ ਪਹਿਲਾਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਾਧਾਰਨ ਲੋਕ ਫਿਰਕੂ ਸਿਆਸਤ ਤੋਂ ਅੱਕ ਚੁੱਕੇ ਹਨ। ਉਹ ਬਦਲ ਦੀ ਮੰਗ ਕਰਦੇ ਹਨ। ਇਹ ਬਦਲ ਖੱਬੀ ਧਿਰ ਦੀ ਸਿਆਸਤ ਤੋਂ ਸਿਵਾ ਹੋਰ ਕੋਈ ਨਹੀਂ। ਇਸ ਧਿਰ ਦੀਆਂ ਵੱਖ ਵੱਖ ਸਿਆਸੀ ਜਥੇਬੰਦੀਆਂ ਜੇਕਰ ਘੱਟ ਤੋਂ ਘੱਟ ਪ੍ਰੋਗਰਾਮ ਦੇ ਆਧਾਰ ਤੇ ਸਾਂਝੀਆਂ ਕਾਰਵਾਈਆਂ ਵਿਉਂਤਨ ਤਾਂ ਲੋਕ ਪੱਖੀ ਸਿਆਸਤ ਦੀ ਜਿੱਤ ਯਕੀਨੀ ਹੈ। / ਗੁਰਸ਼ਰਨ ਸਿੰਘ

---

**ਪ੍ਰਗਤੀਸ਼ੀਲ ਫਿਲਮ ਨਿਰਮਾਤਾ ਸੋਸਾਇਟੀ ਪੰਜਾਬ ਵਲੋਂ** ਬਣਾਈ ਜਾਣ ਵਾਲੀ ਪਹਿਲੀ ਫਿਲਮ **ਹਾਣੀ** ਦੀ ਕਹਾਣੀ ਅਜ ਦੇ ਪੰਜਾਬ ਦੇ ਇਕ ਪਿੰਡ ਦੀ ਕਹਾਣੀ ਹੈ। ਪਿੰਡ ਦੇ ਨੌਜਵਾਨ ਮੁੰਡੇ ਕੁੜੀਆਂ ਜੋ ਕਿਸਾਨੀ ਨਾਲ ਸੰਬੰਧ ਰਖਦੇ ਹਨ, ਹੁਣ ਉਹ ਸਕੂਲਾਂ ਕਾਲਜਾਂ ਵਿਚ ਜਾਣ ਲਗ ਪਏ ਹਨ। ਅਖ਼ਬਾਰਾਂ ਵਡੀ ਗਿਣਤੀ ਵਿਚ ਪੰਜਾਬ ਦੇ ਪਿੰਡਾਂ ਵਿਚ ਜਾਂਦੀਆਂ ਹਨ। ਬਾਹਰ ਦੀ ਜ਼ਿੰਦਗੀ ਨਾਲ ਪਿੰਡ ਦਾ ਸਬੰਧ ਜੁੜ ਗਿਆ ਹੈ, ਪੰਜਾਬ ਦੇ ਪਿੰਡਾਂ ਦੇ ਲੋਕ ਵੱਡੀ ਗਿਣਤੀ ਵਿਚ ਬਾਹਰਲੇ ਦੇਸ਼ਾਂ ਵਿਚ ਵੀ ਗਏ ਹੋਏ ਹਨ। ਖੇਤੀ ਪੂਰੀ ਤਰ੍ਹਾਂ ਅਧੁਨਿਕ ਹੋ ਗਈ ਹੈ, ਪਰ ਪਿੰਡ ਦੇ ਲੋਕ, ਜਿਹੜਾ ਜੀਵਨ ਜੀ ਰਹੇ ਹਨ, ਉਹ ਹਾਲੀ ਵੀ ਪਰੰਪਰਾਗਤ ਰੂੜੀਵਾਦੀ ਕਦਰਾਂ ਕੀਮਤਾਂ ਨਾਲ ਜੁੜਿਆ ਹੋਇਆ ਹੈ। ਚੇਤਨ ਨੌਜਵਾਨ ਪੀੜ੍ਹੀ ਉਹਨਾਂ ਕਦਰਾਂ ਕੀਮਤਾਂ ਨੂੰ ਚੈਲਿੰਜ ਕਰਦੀ ਹੈ ਪਰ ਚੌਧਰੀ ਕਿਸਮ ਦੇ ਲੋਕ ਜੋ ਸਰਕਾਰੇ ਦਰਬਾਰੇ ਪਹੁੰਚ ਵੀ ਰਖਦੇ ਹਨ ਆਪਣੀਆਂ ਕੁਟੱਲ ਨੀਤੀਆਂ ਨਾਲ ਹਰ ਕਿਸਮ ਦੀ ਜਾਗ੍ਰਤੀ ਦੇ ਵਿਰੁੱਧ ਹਨ। ਇਹਨਾਂ ਵਿਰੋਧਾਤਮਕ ਹਾਲਤਾਂ ਵਿਚੋਂ **ਹਾਣੀ** ਫਿਲਮ ਦੀ ਕਹਾਣੀ ਜਨਮ ਲੈਂਦੀ ਹੈ। ਪਿੰਡ ਦੇ ਸਾਧਾਰਨ ਲੋਕ ਜੋ ਨੌਜਵਾਨ ਪੀੜ੍ਹੀ ਦੇ ਇਸ ਸੰਘਰਸ਼ ਨੂੰ ਦੂਰੋਂ ਹੀ ਦਰਸ਼ਕ ਬਣ ਕੇ ਵੇਖਦੇ ਹਨ, ਹੌਲੀ ਹੌਲੀ ਅਹਿਸਾਸ ਕਰਦੇ ਹਨ ਕਿ ਨੌਜਵਾਨ ਪੀੜ੍ਹੀ ਦੀ ਲੜਾਈ ਉਹਨਾਂ ਦੀ ਹੀ ਲੜਾਈ ਹੈ। ਇਕ ਸ਼ਕਤੀਸ਼ਾਲੀ ਫਿਲਮ, ਜਿਸਨੂੰ ਬਣਾਉਣ ਲਈ ਭਾਰਤ ਫਿਲਮ ਇੰਡਸਟਰੀ ਦੀ ਚੋਟੀ ਦੀ ਟੈਕਨੀਕਲ ਟੀਮ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ, ਅੱਜ ਦੇ ਪੰਜਾਬ ਦੀ ਸਹੀ ਅਤੇ ਸੱਚੀ ਤਸਵੀਰ ਜਿਸ ਵਿਚ ਆਉਣ ਵਾਲੇ ਸਮੇਂ ਦੀਆਂ ਉਮੀਦਾਂ ਜੁੜੀਆਂ ਹੋਈਆਂ ਹਨ, ਸੰਸਾਰ ਭਰ ਦੇ ਦਰਸ਼ਕਾਂ ਅੱਗੇ ਪੇਸ਼ ਕਰੇਗੀ।

ਫਿਲਮ ਨਿਰਮਾਣ ਵਿਚ ਪੰਜਾਬ ਦੇ ਸੂਝਵਾਨ ਲੋਕਾਂ ਦੇ ਸਹਿਯੋਗ ਦਾ ਚਾਹਵਾਨ **ਗੁਰਸ਼ਰਨ ਸਿੰਘ**

ਕਨਵੀਨਰ ਪ.ਫ.ਨ.ਸ. ਪੰਜਾਬ

ਦੋ ਪੁਸਤਕਾਂ ਦੀ ਪੁਸਤਕ ਪਹਿਚਾਣ

## ਪ੍ਰਦੇਸਾਂ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ

**o ਆਪਣੇ ਆਪ ਤੋਂ ਦੂਰ** : ਸੰਪਾਦਕ ਅਮਰਜੀਤ ਚੰਦਨ o **ਲੋਕ ਸੱਥ** : ਸੰਪਾਦਕ ਸੁਖਦੇਵ ਸਿਧੂ

o **ਆਪਣੇ ਆਪ ਤੋਂ ਦੂਰ :** ਇਹ ਕਾਵਿ ਸੰਗ੍ਰਹਿ ਬਰਤਾਨਵੀ ਪੰਜਾਬੀ ਕਵਿਤਾ ਦਾ ਇਕ ਅਕਸ ਹੈ,ਜਿਸਦੀ ਸੰਪਾਦਨਾ ਅਮਰਜੀਤ ਚੰਦਨ ਨੇ ਕੀਤੀ ਹੈ,ਅਪਣੇ ਸੰਪਾਦਕੀ ਨੋਟ ਵਿਚ ਚੰਦਨ ਨੇ ਪਰਵਾਸੀ ਕਵਿਤਾ ਦੇ ਸਿਰਜਨਾਤਮਕ ਅਮਲ ਨੂੰ ਪੂਰੀ ਤਰ੍ਹਾਂ ਉਲੀਕਿਆ ਹੈ। ਇਸ ਅਮਲ ਵਿਚ ਉਸਨੇ ਸੀਮਾਵਰਤਣ (ਮਾਰਜਨੈਲਿਟੀ) ਵਿਜੋਗ (ਏਲਏ-ਨੇਸ਼ਨ) ਤੇ ਉਦਰੇਵੇਂ ਦੀਆਂ ਧਾਰਨਾਵਾਂ ਦੀ ਵਿਆਖਿਆ ਕੀਤੀ ਹੈ ਜਿਨ੍ਹਾਂ ਬਦੌਲਤ ਬੰਦਾ ਅਪਣੇ ਆਪ ਤੋਂ ਦੂਰ ਹੋ ਜਾਂਦਾ ਹੈ। ਕੁਝ ਮਿਸਾਲਾਂ ਇਸ ਕਵਿਤਾ ਬਾਰੇ ਚੰਦਨ ਨੇ ਆਪਣੇ ਸੰਪਾਦਕੀ ਨੋਟ ਵਿਚ ਦਿਤੀਆਂ ਹਨ :

o ਬਜ਼ੁਰਗ ਕਵੀ ਕਾਬਲ ਸਿੰਘ ਵਿਜੋਗੀ ਦੁਨੀਆਂ ਨੂੰ ਥੋੜਪੁਰੇ ਦਾ ਨਾਂ ਦੇਂਦੇ ਹੈ।

—ਵਿਹਲ ਉਜਾੜ ਨੂੰ ਲੰਘ ਜਾਈਏ ਜੇ
ਥੋਹੜਾ ਕੁ ਤੁਰਕੇ ਆ ਜਾਂਦਾ ਹੈ
ਕੰਕਰੀਟ ਦੇ ਜੰਗਲੇ ਦੀ ਗੁੱਠ
ਥੋੜਪੁਰੇ ਨਾਲ ਆ ਲਗਦੀ ਹੈ
... ... ...

ਇਸੇ ਤਰ੍ਹਾਂ ਮਜ਼ਹਰ ਤਿਰਮਜ਼ੀ ਕਹਿੰਦਾ ਹੈ

ਨਾਲ ਮਸ਼ੀਨ ਮਸ਼ੀਨ ਹੋ ਜਾਣਾ
ਆਦਮੀ ਵਿਚੋਂ ਆਦਮੀਅਤਤਾਂ
ਮਰ ਜਾਂਦੀ ਹੈ, ਮੁਕ ਜਾਂਦੀ ਹੈ

ਅਤੇ

ਇਸ ਵੇਲੇ ਦੀ ਨਾਬਰ ਕੂਕ ਅਜਬ ਹੈ
ਇਕ ਕਾਰਖਾਨੇ ਰਲ ਕੰਮ ਕਰਦੇ ਸੰਗੀ ਦਾ ਹੀ ਡਰ ਹੈ
ਇਹ ਘਰ ਹੈ ਯਾ ਬਰ ਹੈ
'ਕਲਿਆ ਟੁਰਦੇ ਦੂਜੇ ਪਰਛਾਵੇਂ ਦਾ ਡਰ ਹੈ

ਸੀਮ੍ਹਾ ਵਰਤਨ ਇਨਸਾਨ ਦੀਆਂ ਕੁਝ ਮਿਸਾਲਾਂ— ਇਨਸਾਨ ਜੋ ਦੁਬਿੱਧਾ ਵਿਚ ਖਲੋਤਾ ਹੈ :

ਸਾਧਾਰਣ ਕਾਮਾ ਫਿਰ ਵੀ
ਸੱਤਾਂ ਬੰਦਿਆਂ ਜਿੰਨੀ ਆਕੜ
ਮੈਂ ਦੁਬਿਧਾ ਵਿਚ ਭਟਕ ਰਿਹਾ ਹਾਂ
... ... ...
ਮੁਕਦੀ ਗੱਲ ਮਜ਼ਦੂਰੀ ਕਰਦਾਂ
ਪਰ ਧੁਰ ਅੰਦਰੋਂ ਮਜ਼ਦੂਰ ਨਹੀਂ ਹਾਂ।

(ਅਜਮੇਰ)

ਮਾਪੇ ਚੇਤੇ ਆਵਣ ਤਾਂ ਘੁੱਟ ਦਾਰੂ ਪੀ ਕੇ
ਸੁਰਤ ਦੁਆਲੇ ਕੰਡ ਗੱਡ ਖਲੋਂਦੀਏ ਜੀ
ਨਾ ਹਸੀਏ ਨਾ ਰੋਈਏ ਜੀ

(ਮਜ਼ਹਰ ਤਿਰਮਜ਼ੀ)

ਦੇਸ਼ ਬਿਗਾਨੇ ਆਪਣਾ ਘਰ ਹੈ
ਸਭ ਕੁਝ ਆਪਣਾ
ਦੇਸ਼ ਆਪਣੇ ਘਰ ਨਹੀਂ ਆਪਣਾ
ਕੁਝ ਨਹੀਂ ਆਪਣਾ
ਏਸ ਦਵੰਦ 'ਤੇ ਸੋਚ ਖੜ੍ਹੀ ਹੈ
ਕੀ ਆਪਣਾ ਤੇ ਕੀ ਨਹੀਂ ਆਪਣਾ

(ਸ਼ਿਵਚਰਨ ਗਿੱਲ)

ਅਮਰਜੀਤ ਚੰਦਨ ਦੀ ਸੰਪਾਦਨਾ ਕੀਤਾ ਇਹ ਕਾਵਿ ਸੰਗ੍ਰਿਹ ਪਰਵਾਸੀ ਕਵਿਤਾ ਦਾ ਇਕ ਪ੍ਰਤੀਨਿਧ ਕਾਵਿ ਸੰਗ੍ਰਿਹ ਹੈ, ਜਿਸ ਵਿਚ ਭਾਰਤੀ ਪੰਜਾਬੀ ਕਵੀਆਂ ਦੇ ਨਾਲ ਨਾਲ ਪਾਕਿਸਤਾਨੀ ਅਦੀਬਾਂ ਦੀ ਕਵਿਤਾ ਵੀ ਸ਼ਾਮਿਲ ਹੈ। ਸਾਹਿਤ ਦੇ ਇਤਹਾਸ ਵਿਚ ਇਸ ਕਿਤਾਬ ਦੀ ਖਾਸ ਥਾਂ ਹੈ। ਆਪਣੇ ਆਪ ਤੋਂ ਦੂਰ ਦੀ ਇਕ ਚੋਣਵੀਂ ਕਵਿਤਾ ਹੇਠ ਦਿਤੀ ਜਾ ਰਹੀ ਹੈ।

ਕਵਿਤਾ/**ਬਰਫ਼ ਦੇ ਆਦਮੀ**/ਕੇ. ਸੀ. ਮੋਹਨ

ਓਦੋਂ ਜ਼ਰੂਰ
ਉਹ ਹਰ ਹਫ਼ਤੇ
ਪਿਆਰ-ਭਿੱਜੇ ਲੰਮੇ-ਲੰਮੇ
ਨਿੱਘੇ-ਨਿੱਘੇ ਖ਼ਤ ਲਿਖਿਆ ਕਰਦੇ ਸਨ
ਪਰ ਹੁਣ ਮੇਰੇ ਪਿੰਡੋਂ ਇਜੇਹੀ ਕੋਈ ਚਿੱਠੀ ਨਹੀਂ ਆਉਂਦੀ
ਜਿਸ ਵਿਚ ਲਿਖਿਆ ਹੋਵੇ—
ਪਿੰਡ ਦੀ ਪੰਚਾਇਤ ਐਤਕੀਂ ਵੀ
ਸਰਬ-ਸੰਮਤੀ ਨਾਲ ਚੁਣੀ ਗਈ ਹੈ
ਸੁਲੇਮਾਨ ਦੇ ਸੱਤ ਕੁੜੀਆਂ ਉਪਰ ਦੀ ਮੁੰਡਾ ਹੋਇਐ
ਰੱਜੋ ਦੇ ਵਿਆਹ ਤੇ ਆਏ ਕੁਝ ਰਿਸ਼ਤੇਦਾਰ
ਗੁੱਸੇ-ਗਿਲੇ ਹੋ ਗਏ ਸਨ
ਪਰ
ਉਹਨੂੰ ਸਹੁਰੇ ਸਾਊ ਮਿਲ ਗਏ ਨੇ
ਹੁਣ ਮੇਰੇ ਪਿੰਡੋਂ ਇਜੇਹੀ ਕੋਈ ਚਿੱਠੀ ਨਹੀਂ ਆਉਂਦੀ
ਜਿਸ ਵਿਚ ਲਿਖਿਆ ਹੋਵੇ—

ਭੋਲਾ ਸੋਲ੍ਹਵੀਂ ਪਾਸ ਕਰ ਕੇ
ਰੁਜ਼ਗਾਰ ਦਫ਼ਤਰ ਨਾਮ ਲਿਖਵਾ ਆਇਐ
ਪਿੰਡ ਨੂੰ ਸ਼ਹਰ ਨਾਲ ਮਿਲਾਣ ਵਾਲੀ ਸੜਕ ਸੁੱਟੇ ਰੋੜੇ
ਖਾਈਆਂ 'ਚ ਜਾ ਵੜੇ ਨੇ
ਤੇ ਉਪਰ ਲਿਖੀ ਚਿੱਠੀ ਦਾ ਕੋਈ ਜਵਾਬ ਨਹੀਂ ਆਇਆ
ਤੇ ਪਿੰਡੋਂ ਸ਼ਹਿਰ ਅਜੇ ਓਨਾ ਹੀ ਦੂਰ ਹੈ

ਹੁਣ ਮੇਰੇ ਪਿੰਡੋਂ ਇਜੇਹੀ ਕੋਈ ਚਿੱਠੀ ਨਹੀਂ ਆਉਂਦੀ
ਜਿਸ ਵਿਚ ਲਿਖਿਆ ਹੋਵੇ—
ਨਾਹਰੇ ਦੇ ਦੋਵੇਂ ਮੁੰਡੇ ਕਤਲ ਕੇਸ ਵਿਚੋਂ ਬਰੀ ਹੋ ਗਏ ਨੇ
ਤੇ ਹੁਣ ਹਰ ਸ਼ਾਮ ਗੁੱਟ ਹੋਏ ਚਾਂਘਰਾਂ ਮਾਰਦੇ ਨੇ
ਝਿਉਰਾਂ ਦੇ ਪੀਤੇ 'ਤੇ ਅਫ਼ੀਮ ਦਾ ਕੇਸ ਬਣ ਗਿਐ
ਨੀਲੀ ਕਾਰ 'ਚ ਆਇਆ ਵੱਡਾ ਅਫ਼ਸਰ
ਸਕੂਲ ਦਾ ਨੀਂਹ ਪੱਥਰ ਰਖ ਗਿਆ ਸੀ
ਪਰ ਕਹਿੰਦੇ ਨੇ ਅਜੇ ਫ਼ੰਡ ਅਲਾਟ ਨਹੀਂ ਹੋਇਆ
ਤੇ ਨਿਆਣੇ ਅਜੇ ਵੀ ਪਿਪਲ ਦੀ ਛਾਂ ਹੇਠਾਂ ਬਹਿੰਦੇ ਨੇ
ਨਵਾਂ ਪਟਵਾਰੀ ਨੰਬਰ ਦੇਣ ਵੇਲੇ
ਪੈਸਿਆਂ ਦਾ ਉਧਾਰ ਵੀ ਕਰ ਲੈਂਦੈ
ਪਰ ਗਰਾਮ ਸੇਵਕ ਕਈ ਮਹੀਨਿਆਂ ਤੋਂ
ਨਜ਼ਰ ਨਹੀਂ ਆਇਆ
ਪਿੰਡ ਦੇ ਡੰਗਰਾਂ ਨੂੰ ਬੀਮਾਰੀ ਪੈ ਗਈ ਸੀ
ਤੇ ਖੰਡੂ ਸਾਧੂ ਨੇ ਵਕਤ ਸਿਰ ਟੂਣਾ ਕਰ ਦਿੱਤੈ

ਹੁਣ ਮੇਰੇ ਪਿੰਡੋਂ ਇਜੇਹੀ ਕੋਈ ਚਿੱਠੀ ਨਹੀਂ ਆਉਂਦੀ
ਜਿਸ ਵਿਚ ਲਿਖਿਆ ਹੋਵੇ—
ਪਿੰਡ ਨੂੰ ਆਉਂਦੀ ਖੰਡ ਦਾ ਕੋਟਾ
ਦੋ ਸੌ ਗਰਾਮ ਹਰ ਜੀਅ ਮਗਰ ਵਧ ਗਿਐ
ਟਿੱਬੀ ਵਾਲੀ ਕਣਕ ਬਿਜਲੀ ਦੀ ਕਟੌਤੀ ਭੇਟ ਹੋ ਗਈ ਹੈ
ਕਿਹਰੂ ਦੀ ਮਾਂ ਜੇਠੂ ਦੀ ਮੌਤ ਬਾਅਦ ਪਾਗਲ ਹੋ ਗਈ ਹੈ

ਹੁਣ ਮੇਰੇ ਪਿੰਡੋਂ ਇਜੇਹੀ ਕੋਈ ਚਿੱਠੀ ਨਹੀਂ ਆਉਂਦੀ
ਜਿਸ ਵਿਚ ਲਿਖਿਆ ਹੋਵੇ
ਬਾਬੇ ਤੋਂ ਹੁਣ ਤੁਰਿਆ-ਫਿਰਿਆ ਵੀ ਨਹੀਂ ਜਾਂਦਾ
ਮਾਂ ਦੀ ਸਿਹਤ ਵੀ ਜਵਾਬ ਦਿੰਦੀ ਜਾ ਰਹੀ ਹੈ
ਬਾਪੂ ਨੂੰ ਤੀਜੀ ਵਾਰ ਮਲੇਰੀਆ ਹੋ ਗਿਐ

ਹੁਣ ਮੇਰੇ ਪਿੰਡੋਂ ਇਜੇਹੀ ਕੋਈ ਚਿੱਠੀ ਨਹੀਂ ਆਉਂਦੀ
ਪਿੰਡ ਦੀ ਜੂਹ ਟੱਪਿਆਂ ਕਿੰਨੇ ਹੀ ਵਰ੍ਹੇ ਗੁਜ਼ਰ ਗਏ ਨੇ
ਹੁਣ ਮੇਰੇ ਪਿੰਡੋਂ ਕੋਈ ਚਿੱਠੀ ਨਹੀਂ ਆਉਂਦੀ
ਹੁਣ ਤੇ ਕਦੇ-ਕਦਾਈਂ ਟੈਲੀਗਰਾਮਾਂ ਹੀ ਆਉਂਦੀਆਂ ਨੇ—
ਬਾਬਾ ਪੂਰਨਮਾਸ਼ੀ ਦੀ ਰਾਤ ਨੂੰ ਚੜ੍ਹਾਈ ਕਰ ਗਿਐ
ਮਾਂ ਦੀਵਾਲੀ ਤੋਂ ਦੋ ਦਿਨ ਪਹਿਲਾਂ
ਤੈਨੂੰ ਉਡੀਕਦੀ ਅੱਖਾਂ ਮੀਟ ਗਈ ਹੈ
ਬਾਪੂ ਨੂੰ ਮਲੇਰੀਏ ਦਾ ਚੌਥਾ ਹੱਲਾ ਲੈ ਗਿਐ
ਮੈਂ ਟੈਲੀਗਰਾਮ ਪੜ੍ਹ ਕੇ
ਜਦ ਵੀ ਪਿੰਡ ਵੱਲ ਉਡਾਰੀ ਮਾਰੀ ਹੈ
ਪਿੰਡ ਦੇ ਬਾਹਰਲੇ ਪਹੇ 'ਤੇ ਰਾਖੀ ਬੈਠੇ ਕੁੱਤਿਆਂ ਨੇ
ਮੇਰਾ ਪਾਸਪੋਰਟ ਮੰਗਿਆ ਹੈ
ਡੱਬ-ਖੜੱਬੇ ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਸੁਣ ਕੇ
ਟੇਢੇ ਲਾਗਲੇ ਘਰ ਵਿਚੋਂ ਕੋਈ ਆਵਾਜ਼ ਆਈ ਹੈ—
'ਕੋਈ ਓਪਰਾ ਬੰਦਾ ਲਗਦੈ'
ਸੱਥ ਵਿਚ ਸਣ ਵਟਦੇ ਬਜ਼ੁਰਗਾਂ ਵਿਚ
ਬਾਬਾ ਕਿਤੇ ਨਜ਼ਰ ਨਹੀਂ ਆਇਆ
ਡਿਓੜੀ 'ਚ ਲਟਕੀ ਬਾਬੇ ਦੀ ਫ਼ੋਟੋ ਦੁਆਲੇ
ਫੁਲ ਮੁਰਝਾਏ ਪਏ ਨੇ
ਖੂੰਜੇ 'ਚ ਪਿਆ ਬਾਬੇ ਦਾ ਖੂੰਡਾ
ਮੈਨੂੰ ਘੂਰੀਆਂ ਵੱਟਦਾ ਹੈ
ਵਿਹੜੇ ਵਿਚੋਂ ਮਾਂ ਦੀ ਪੀੜ੍ਹੀ ਚੁੱਕ ਦਿੱਤੀ ਗਈ ਹੈ
ਪਰ
ਸਬਾਤ ਵਿਚੋਂ ਉਹਦੀ ਕਾਲਜ ਖੰਘ ਦਾ ਭਉਲਾ
ਅਜੇ ਵੀ ਪੈਂਦਾ ਹੈ
ਨਹਿਰ ਵਾਲੇ ਪੁਲ ਤੋਂ
ਮੋਢੇ ਚੁੱਕ ਲਿਆਉਣ ਵਾਲਾ ਬਾਪੂ
ਪਤਾ ਨਹੀਂ ਕਿਥੇ ਗੁਆਚ ਗਿਆ ਹੈ
ਮੇਰੀ ਖੱਬੀ ਜੇਬ ਵਿਚਲੇ ਪੌਂਡ ਬੋਝ ਬਣ ਗਏ ਨੇ
ਤੇ
ਮੈਂ ਮਾਰਕਸ ਐਂਡ ਸਪੈਂਸਰ ਦੇ ਨੀਲੇ ਗਰਮ ਸੂਟ ਵਿਚ
ਬਰਫ਼ ਬਣ ਗਿਆ ਹਾਂ
......

## ਕਾਵਿ ਸੰਗ੍ਰਹਿ **ਲੋਕ ਸੱਥ**

o ਆਪਣੇ ਆਪ ਤੋਂ ਦੂਰ, ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਜੇਕਰ ਪਰਵਾਸੀ ਵਿਯੋਗ ਨੂੰ ਵਿਸ਼ਾ ਬਣਾਦੀਆਂ ਹਨ ਤਾਂ ਇਕ ਹੋਰ ਸੰਗ੍ਰਹਿ **ਲੋਕ ਸੱਥ** ਜਿਸਨੂੰ ਸੁਖਦੇਵ ਸਿਧੂ ਨੇ ਸੰਪਾਦਨ ਕੀਤਾ ਹੈ, ਉਹਦੀਆਂ ਕਵਿਤਾਵਾਂ ਆਪਣੇ ਆਪ ਨੂੰ ਵਤਨ ਵਿਚ ਵਾਪਰ ਰਹੀਆਂ ਘਟਨਾਵਾਂ ਨਾਲ ਜੋੜਦੀਆਂ ਹਨ। ਦੂਰ ਰਹਿ ਕੇ ਵੀ ਸਾਡੇ ਕਵੀ ਆਪਣੇ ਵਤਨ ਤੋਂ ਦੂਰ ਨਹੀਂ ਰਹਿ ਸਕਦੇ ਤੇ ਆਪਣੇ ਲੋਕਾਂ ਦੇ ਦੁੱਖ ਉਹਨਾਂ ਦੇ ਦੁੱਖ ਹਨ। ਫ਼ਿਰਕੂ ਨਫ਼ਰਤ ਜੋ ਸਾਡੇ ਦੇਸ਼ ਵਿਚ ਫੈਲੀ ਹੈ, ਉਹਦੀ ਬਾਰੇ ਉਹ ਦੂਰ ਬੈਠੇ ਵੀ ਫਿਕਰਮੰਦ ਹਨ।

'o ਵੱਖ ਵੱਖ ਜਾਤਾਂ ਪਾਤਾਂ 'ਚ
ਵੰਡਿਆ ਧਰਮ ਤੇ ਕਰਮ ਨੂੰ
ਮਜ਼ਬੀ ਸਿੱਖ, ਜੱਟ ਸਿੱਖ, ਸਿੱਖ ਰਵੀਦਾਸੀਏ
ਅਰੋੜੇ ਸਿੱਖ, ਰਾਮਗੜ੍ਹੀਏ, ਸਿੱਖ ਰਾਮਦਾਸੀਏ
ਨਾਮਧਾਰੀ ਸਿੱਖ, ਰਹਿਤੀਏ ਸਿੱਖ, ਸਿੱਖ ਖਤਰੀ
ਨਾਈ ਸਿੱਖ, ਨਿਰਮਲ਼ੇ ਸਿੱਖ, ਸਿੱਖ ਟਾਂਕ ਛਤਰੀ

ਵੰਨ ਸੁਵੰਨਾ ਸ਼ੋਵਨਵਾਦ, ਭੇਦ ਭਾਵ
ਹੋਰ ਪਤਾਂ ਨਹੀਂ ਸਿੱਖ ਕਿਹੜੀ ਕਿਹੜੀ ਭਾਂਤ ਦੇ
ਫੋਕਾ ਰੁਅਬ, ਫੋਕੀ ਹੈਂਕੜ, ਫੋਕਾ ਮਾਣ
ਵੱਡਾਪਣ ਪਲੋਖਲੀ ਦਾ
ਬਣ ਕਾਰ ਮੁਖਤਿਆਰ ਡੈਣ ਰੂਪੀ ਮਾਇਆ ਦੇ
ਬੈਠ ਪਲੀਤੀ ਧੰਨ-ਪੜੀ ਗੱਦਿਆਂ ਤੇ
ਕਰਨ ਰਾਖੀ ਹੰਕਾਰੀ ਮਲਕ ਭਾਗੋਆਂ ਦੀ
ਕਰਨ ਕਤਲੇਆਮ
ਲਾਲੋ ਧੰਨਿਆਂ ਦਾ
ਬੇਕਿਰਕ ਹੋ ਕੇ
ਕੀ ਇਹ ਅਪਮਾਨ ਨਹੀਂ ਗੁਰਮਰਿਆਦਾ ਦਾ-?-?-?

ਹਰਜੀਤ ਚੌਧਰੀਆ
'ਮੈਂਗੀ ਸਾਥੀ ਸਿੱਖ'

○ ਜੀਕੂੰ ਬੱਤੀ ਦੀਵਾ ਤੇਲ
ਜੋਤ ਜਗੇ ਜਦ ਰੱਖਣ ਮੇਲ
ਵਖਰੇ ਵਖਰੇ ਹੁੰਦੇ ਨੇ ਜਦ
ਦੀਵਾ ਕਦੀ ਬਲਦਾ ਨਾ ਤਦ

ਪ੍ਰੋ. ਮੁਨੀਰ ਅਹਿਮਦ ਕੁਰੈਸ਼ੀ—'ਸਾਂਝ'

○ ਪੂਜਾ ਦੇ ਸਥਾਨੀਂ ਜਾ ਕੇ ਭਾਗੋ ਨੂੰ ਪਛਾਣ ਲਉ
ਭੇਸ ਜੋ ਵਟਾਈ ਬੈਠੇ ਵੈਰੀਆਂ ਨੂੰ ਜਾਣ ਲਉ

ਖਰਲੋਵੀਰ—ਇਕ ਗੀਤ

○ ਸ਼ੁਤਰ ਬੇਮੁਹਾਰ ਹੋ ਕੇ ਸੱਦਾ ਇਹ ਕਰਮ ਕਮਾਉਂਦੇ
ਪਾੜਾ ਪਾ ਕੇ ਲੋਕਾਂ ਅੰਦਰ ਆਪਣਾ ਲਾਭ ਉਠਾਉਂਦੇ

ਪੂਰਨ ਸਿੰਘ ਬਾਪੂ ਜੀ—ਸਿਆਣੇ ਬਣੋ

○ ਇਥੇ ਕੀ ਪਤਾ ਕਿਸ ਵਕਤ
ਕਿਸੇ ਗੈਰ ਮਨੁੱਖੀ ਪੰਜੇ ਹੇਠ
ਜਾਂ ਧਰਮ ਬਚਾਓ ਦੇ ਦੰਭ ਹੇਠ
ਬੰਬ ਚਾਕੂ ਛੁਰੀਆਂ ਦਾ ਜੰਗਲ
ਇਸ ਰਾਹ ਤੇ ਸੰਘਣਾ ਹੋ ਕੇ ਫੈਲੇ ਜਾਏ,

ਦਰਸ਼ਨ ਬੁਲੰਦਵੀ—ਸੰਦੇਸ਼

○ ਸੰਨ ਸੰਤਾਲੀ ਵੇਲੇ ਕਿਸਨੇ ਭਰਾਵਾਂ ਨੂੰ ਜੁਦਾ ਕੀਤਾ ਹੈ
ਉਹ ਕਰਕੇ ਪਛਤਾਏ ਸੀ ਕਿ ਬੜਾ ਗੁਨਾਹ ਕੀਤਾ ਹੈ
ਕੀ ਇਹ ਸਭ ਕੁਝ ਕਰਕੇ ਕਹੋਗੇ ਕਾਤਲੋ
ਅਸੀਂ ਤਾਂ ਕੁਝ ਨਹੀਂ ਕੀਤਾ
ਜੋ ਕੀਤਾ ਸਤਿਗੁਰ ਸੱਚੇ ਪਾਤਸ਼ਾਹ ਨੇ ਕੀਤਾ ਹੈ

ਹਰਭਜਨ ਸਿੰਘ ਵਿਰਕ 'ਰੁਬਾਈ'

○ ਧਰਮ ਕਿਸੇ ਦੁੱਖ ਦੀ ਦਵਾ ਨਹੀਂ
ਧਰਮ ਕਿਸੇ ਭੁੱਖ ਦੀ ਦਵਾ ਨਹੀਂ
ਧਰਮ ਧਰਮ ਕੂਕਦੇ ਖ਼ੁਦਾ ਦੇ ਬੰਦੇ
ਧਰਮ ਦਾ ਕੋਈ ਖ਼ੁਦਾ ਨਹੀਂ

ਤਾਰਾ ਸਿੰਘ ਤਾਰਾ—ਇਕ ਰੁਬਾਈ

○ ਤਲਵਾਰ ਦੀ ਐ ਨੋਕ ਤੇ,
ਘਰ ਬਾਰ ਲੁੱਟਣ ਵਾਲਿਓ
ਤਰਸ਼ੂਲ ਰੱਖ ਕੇ ਹਿੱਕ ਤੇ ਪਰਵਾਰ ਲੁੱਟਣ ਵਾਲਿਓ
ਫੁਲ ਕਲੀ ਦੇ ਖ਼ੂਨ ਦੇ
ਕਿਉਂ ਪਿਆਸੇ ਹੋ ਗਏ
ਸਾਂਝੇ ਸਾਹਾਂ ਦੀ ਗੁਲਜ਼ਾਰ ਲੁਟਣ ਵਾਲਿਓ

ਪਿਆਰ ਸਿੰਘ ਦਰਦ 'ਤੁਅਸੱਬੀਆਂ ਦੇ ਨਾਂ'

○ ਪਾਂਡਵਾਂ ਨੂੰ ਆਖੋ
ਹੁਣ ਜੂਆ ਨਾ ਖੇਡਣ
ਭਗਵਾਨ ਅਗੇ ਵਰਗੇ ਨਹੀਂ ਰਹੇ
ਬਾਂਸ ਦੀ ਬੰਸਰੀ ਦੀ ਥਾਂ
ਉਹਨਾਂ ਕੋਲ ਸੋਨੇ ਦੀ ਬੰਸਰੀ ਹੈ
(ਸਭ ਕੁਝ ਬਦਲ ਗਿਆ)
ਦਰੋਪਤੀ ਦੀਆਂ ਸਿਸਕੀਆਂ
ਭਲਾ ਕੌਣ ਪਾਗਲ ਸੁਣੇਗਾ
ਇਸ ਲਈ ਪਾਂਡਵਾਂ ਨੂੰ ਆਖੋ
ਹੁਣ ਜੂਆ ਨਾ ਖੇਡੋ

ਸਤਿਪਾਲ ਡੁਲਕ—'ਪਾਂਡਵਾਂ ਨੂੰ ਆਖੋ'

○ ਮੇਰੇ ਪੁੱਤਰੋ ਮੈਨੂੰ ਲੱਗਦੈ
ਮੇਰੀ ਛਾਂ ਵੰਡਣੇ ਦੀ ਗੱਲ ਚਲਦੀ ਹੈ
ਕੁਝ ਸਮੇਂ ਤੋਂ ਹਵਾ ਦੀ ਕੁੱਖੇ
ਨਫਰਤ ਪਲਦੀ ਲਗਦੀ ਹੈ...
ਜੇ ਮੇਰੇ ਟੋਟੇ ਹੋ ਗਏ
ਬੋਲ ਸੁਰੀਲੇ ਮੁੱਕ ਜਾਣਗੇ
ਸਾਰੇ ਰੁੱਖ ਇਸ ਜੰਗਲ ਦੇ ਸੁੱਕ ਜਾਣਗੇ
ਫੇਰ ਇਥੇ ਨਾ ਮਹਿਫਲ ਜੁੜਣੀ
ਨਾ ਚੂਰ ਕਿੱਕਲੀ ਪੈਣੀ
ਨਾ ਫਰ ਗੱਲ ਮੁਹੱਬਤ ਵਾਲੀ
ਰਮਜ਼ਾਂ ਸੰਗ ਜੋਬਨ ਨੇ ਕਹਿਣੀ
ਫੇਰ ਨਾ ਦਾਦੀ ਮਾਂ ਨੇ ਰਾੜ੍ਹੀ
ਪਰੀ ਕਹਾਣੀ ਕੋਈ ਸੁਨਾਣੀ
ਨਾਂ ਚਿੜੀਆਂ ਦੇ ਚੰਬੇ ਕਿਧਰੇ
ਅਸਮਾਨਾਂ ਵਿਚ ਪਰਵਾਜ਼ ਲਗਾਣੀ
ਬੱਸ ਇਕ ਵਾਰ ਜੇ ਛਾਂ ਗਈ ਵੰਡੀ
ਫਿਰ ਤਾਂ ਅੱਗ ਦਾ ਰਾਜ ਹੋਵੇਗਾ
ਮੇਰੇ ਪੁੱਤਰੋ ਜੇ ਜੀਣਾ ਹੈ
ਫਿਰ ਐਸਾ ਕੋਈ ਕਰਮ ਕਮਾਓ
ਜੋ ਨਫਰਤ ਦੀ ਅੱਗ ਲਗੀ ਹੈ
ਇਕੱਠੇ ਹੋਕੇ ਅੱਗ ਬੁਝਾਉ।

ਮਹਿੰਦਰ ਸਾਜਨ-'ਬੁੱਢਾ ਰੁੱਖ'

ਲਾਜ ਲੁੱਟੀ ਜਾ ਰਹੀ ਅਪਮਾਨ ਹੋਈ ਜਾ ਰਿਹਾ
ਮਨੁੱਖਤਾ ਦਾ ਵੇਖ ਲਓ ਹੁਣ ਘਾਣ ਹੋਈ ਜਾ ਰਿਹਾ
ਖਤਮ ਕਰਨਾ ਜ਼ਿੰਦਗੀ ਨੂੰ ਜ਼ਿੰਦਗੀ ਦੇ ਵਾਰਸਾਂ
ਚਾਰੇ ਪਾਸੇ ਮੌਤ ਦਾ ਸਾਮਾਨ ਹੋਈ ਜਾ ਰਿਹਾ

ਭਗਵਾਨ ਦਾਸ ਬ੍ਰੱਧਣ 'ਇਕ ਗੀਤ'

o ਨਾ ਨਾਦਰ ਦੀਆਂ ਫੌਜਾਂ ਚੜ੍ਹੀਆਂ
ਨਾ ਅਹਿਮਸ਼ਾਹ ਆਇਆ ।
ਘਰ ਘਰ ਵਿਚੋਂ ਉਠਿਆ ਬਾਬਰ,
ਆਪਣਾ ਦੇਸ਼ ਡਰਾਇਆ ।
--ਬੇਦੋਸ਼ਾਂ ਦਾ ਖ਼ੂਨ ਡੋਲ੍ਹ ਕੇ ਖ਼ੂਨ ਦੀ ਹੋਲੀ ਖੇਡੀ
ਇਨਸਾਨ ਦੀ ਅਜ਼ਮਤ ਰੋਲੀ,
ਉਹਦੇ ਨਾਂ ਨੂੰ ਵੱਟਾ ਲਾਇਆ ।
—'ਚੌਹਾਨ' ਜਿਨ੍ਹਾਂ ਤੇ ਰੱਖ ਭਰੋਸਾ ਅਪਣੀ ਕਿਸਮਤ ਸੌਂਪੀ
ਅਜ ਹਕੀਕਤ ਖੁੱਲ੍ਹੀ ਉਹਨਾਂ ਉਲਟਾ ਚੰਦ ਚੜ੍ਹਾਇਆ

ਜਗੀਰ ਸਿੰਘ ਚੌਹਾਨ 'ਉਲਟਾ ਚੰਦ ਚੜ੍ਹਾਇਆ'

o ਜ਼ਖ਼ਮ ਸੰਤਾਲੀ ਦੇ ਅਜੇ ਭਰਦੇ ਨੇ ਰਿਸਦੇ ਨੇ
ਕਲ੍ਹ ਦੀ ਹੀ ਗਲਤੀ ਦਾ ਅਜੇ ਪਛਤਾਵਾ ਮੁਕਿਆ ਨਹੀਂ
ਸਾਥੋਂ ਸਹਿ ਨਹੀਂ ਹੋਣਾ, ਅਸੀਂ ਦੁਹਰਾਉਣ ਨਹੀਂ ਦੇਣਾ
ਅਜੇ ਪਹਿਲੇ ਜ਼ਖਮਾਂ ਦਾ ਅੱਖਾਂ ਚੋਂ ਨੀਰ ਸੁਕਿਆ ਨਹੀਂ
ਆਖੋ ਹਾਕਮਾਂ ਨੂੰ, ਉਠਕੇ ਜਨੂੰਨੀਆਂ ਨੂੰ ਲਲਕਾਰੋ
ਪੰਜਾਬ ਮਝੈਲਾਂ, ਮਲਵਈਆਂ, ਦੁਆਬੀਆਂ ਦਾ ਹੈ
ਇਹ ਸਿਖਾਂ ਦਾ ਵੀ ਹਿੰਦੂਆਂ ਤੇ ਮੁਸਲਮਾਨਾਂ ਦਾ ਵੀ
ਸਭ ਤੋਂ ਆਖਰੀ ਗੱਲ ਪੰਜਾਬ ਪੰਜਾਬੀਆਂ ਦਾ ਹੈ

ਸੁਖਦੇਵ ਸਿਧੂ 'ਸੁਨੇਹਾ'

o ਇਹ ਸਾਰਾ ਹੀ ਨੇਰ੍ਹ ਪਸਾਰਾ ਅੱਗੇ ਤੁਰਕੇ ਮਿਟਣਾ ਸਾਰਾ
ਰਲ ਘੋਲਾਂ ਦੇ ਦੀਪ ਜਗਾ ਨਿਸਚੇ ਕਰੀਏ ਲੋਅ

ਇਕਬਾਲ ਸੰਧੂ 'ਇਕ ਗੀਤ'

o ਕਦੋਂ ਰਾਮ ਰਹੀਮ ਤੇ ਸਤਿਗੁਰ ਦਾ
ਸਾਨੂੰ ਦੱਸੋ ਤਾਂ ਫਰਮਾਨ ਹੈ ਇਹ
ਰੱਤ ਪੀ ਲੈਣੀ ਨਿਰਦੋਸ਼ਾਂ ਦੀ
ਕਿਸ ਮਜ਼ਹਬ ਦਾ ਇਮਾਨ ਹੈ ਇਹ
ਅਸੀਂ ਗਿਣ ਗਿਣ ਲੇਖਾ ਲੈਣਾ ਹੈ
ਤੁਸੀਂ ਕੀਤੀਆਂ ਜੋ ਮਨਮਾਨੀਆਂ ਨੇ

ਅਜਮੇਰ ਕਵੈਂਟਰੀ

o ਹਿੱਲੀ ਕੁਰਸੀ ਜਦੋਂ ਵੀ ਹਾਕਮਾਂ ਦੀ
ਝੱਟ ਧਰਮ ਦਾ ਟੀਕਾ ਲਗਾਇਆ ਹੈ
ਪਾਕੇ ਵੰਡੀਆਂ ਲੁਟ ਨੂੰ ਕਾਇਮ ਕਰਦੇ
ਜਾਗ ਫੁੱਟ ਦਾ ਧਨੀਆ ਲਾਇਆ ਹੈ

ਅਜੀਤ ਸੰਧੂ—'ਉਠੋ'

**ਗਿਰਝਾਂ/ਅਮਰਜੀਤ ਚੰਦਨ**

ਇਹ ਗਿਰਝਾਂ ਜੋ ਖੰਭਾਂ ਤੋਂ ਬਗੈਰ ਹਨ
ਇਹ ਮੁਰਦੇ ਦੇਖ ਕੇ ਖਾਂਦੀਆਂ ਹਨ
ਇਹ ਹਸਦੀਆਂ ਹਨ ਤਾਂ ਅੱਖਾਂ ਬੰਦ ਕਰਕੇ
ਇਨਾਂ ਦੇ ਬੀਮ ਲਾਹੌਰ ਤੇ ਦਿੱਲੀ ਦੀਆਂ
ਵੀਰਜ ਬੈਂਕਾਂ 'ਚ ਮਹਿਫੂਜ਼ ਹਨ ।
ਇਹ ਗਿਰਝਾਂ ਜਿਨ੍ਹਾਂ ਦੇ ਮੱਥਿਆਂ 'ਤੇ 786 ਖੁਣਿਆ ਹੈ
ਇਨ੍ਹਾਂ ਨੂੰ ਸਿਰਫ ਕਾਫਰ ਮੁਰਦੇ ਸੁਆਦ ਲਗਦੇ ਹਨ
ਹਿੰਦੂ ਸਿੱਖ, ਅਹਿਮਦੀਏ ਤੇ ਕਮਿਊਨਿਸਟ
ਜਿਨ੍ਹਾਂ ਦਾ ਖਾਤਾ ਚੜ੍ਹਿਆ ਹੈ ਕਾਅਬੇ ਦੇ
ਕੰਪਿਊਟਰ ਵਿਚ ।
ਇਹ ਗਿਰਝਾਂ ਜਿਨ੍ਹਾਂ ਦੇ ਮੱਥੇ 'ਤੇ ਤਿਲਕ ਹਨ ਲੱਗੇ ਹੋਏ
ਸਿਰਫ ਮੁਸਲਮਾਨ ਮੁਰਦਿਆਂ ਨੂੰ ਖਾਂਦੀਆਂ ਹਨ
ਸਿੱਖਾਂ ਨੂੰ ਤੇ ਕਮਿਊਨਿਸਟਾਂ ਨੂੰ
ਤੇ ਗੰਗਾ ਜੀ ਦਾ ਇਸ਼ਨਾਨ ਕਰਦੀਆਂ ਹਨ
ਸਵਰਗ ਦੀਆਂ ਟਿਕਟਾਂ ਲੈ ਕੇ
ਇਹ ਗਿਰਝਾਂ ਜੋ ਮੜ੍ਹਾਸੇ ਬੰਨ੍ਹੀ
ਦਰਬਾਰ ਸਾਹਿਬ ਚੋਂ ਮੋਟਰ ਸਾਇਕਲਾਂ ਤੇ ਸਵਾਰ
ਨਿਕਲਦੀਆਂ ਹਨ
ਪੈਂਤੀ ਪੈਂਤੀ ਹਿੰਦੂ ਖਾ ਕੇ
ਸਿੱਧੀਆਂ ਗੋਇੰਦਵਾਲ ਜਾਂਦੀਆਂ ਹਨ
ਤੇ ਉਨਾਂ ਦੀ ਚੁਰਾਸੀ ਕੱਟੀ ਜਾਂਦੀ ਹੈ
ਵਾਹਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ।
ਤੇ ਇਹ ਗਿਰਝਾਂ ਜੋ ਉਡਦੀਆਂ ਹਨ ਖੰਭਾਂ ਦੇ ਨਾਲ
ਸੱਚੀ ਮੁੱਚੀ ਦੀਆਂ ਗਿਰਝਾਂ ਸੈਕੂਲਰ ਹਨ
ਧਰਮ ਮਜ਼ਹਬ ਤੋਂ ਉਪਰ ਉੱਠੀਆਂ ਹੋਈਆਂ
ਉਨਾਂ ਦੀਆਂ ਨਜ਼ਰਾਂ 'ਚ
ਸਭ ਮੁਰਦੇ ਇਕੋ ਜਿਹੇ–ਨਾ ਬੇਗਾਨੇ–ਨਾ ਬੈਰੀ
ਇਹ ਮਾਣਸ ਕੀ ਜਾਤ ਨੂੰ ਇਕ ਕਰਕੇ ਜਾਣਦੀਆਂ ਹਨ
ਇਹ ਮੁਰਦਾਰ ਅੱਖਾਂ ਬੰਦ ਕਰਕੇ ਖਾਂਦੀਆਂ ਹਨ
ਇਹ ਗਿਰਝਾਂ, ਗਿਰਝਾਂ, ਗਿਰਝਾਂ

o

ਪੁਸਤਕ ਲੋਕ ਸੱਥ ਜ਼ੋਰਦਾਰ ਸ਼ਬਦਾਂ ਵਿਚ ਉਹ ਆਵਾਜ਼ ਹੋਕੇ ਨਿਬੜਦੀ ਹੈ ਜੋ ਬਰਤਾਨੀਆ ਵਿਚ ਰਹਿ ਰਹੇ ਪੰਜਾਬੀ ਦਾਨਸ਼ਮੰਦ ਫਿਰਕੂ ਵੱਖਵਾਦੀਆਂ ਦੇ ਵਿਰੁਧ ਉਠਾ ਰਹੇ ਹਨ, ਇਹ ਪੰਜਾਬ ਨੂੰ ਸਾਂਝੇ ਪੰਜਾਬੀਆਂ ਦਾ ਪੰਜਾਬ ਵੇਖਣਾ ਚਾਹੁੰਦੇ ਹਨ । ਇਸ ਸੰਗ੍ਰਿਹ ਦੀ ਇਤਹਾਸਕ ਪ੍ਰਸੰਗਤਾ ਇਸ ਗੱਲ ਵਿਚ ਹੈ ਕਿ ਇਹ ਉਸ ਕਥਨ ਨੂੰ ਝੁਠਲਾਂਦੀ ਹੈ ਜੋ ਦਾਅਵਾ ਕਰਦਾ ਹੈ ਕਿ ਬਰਤਾਨੀਆ ਵਿਚ ਰਹਿ ਰਹੇ ਪੰਜਾਬੀ ਖਲਿਸਤਾਨ ਦੇ ਹੱਕ ਵਿਚ ਹਨ ।

o

**ਰੁੱਖ ਦੀਆਂ ਟਹਿਣੀਆਂ ਦੇ ਨਾਂ/ਪਾਲੀ ਰੇਡਿੰਗ**

ਰੁੱਖ ਨੂੰ ਫੁੱਲ ਜਾਂ ਕੋਈ ਫਲ ਨਹੀਂ ਆਉਣਾ
ਜਦੋਂ ਤੀਕ ਹਰ ਕਰੂੰਬਲ ਫੁੱਟ ਕੇ
ਰੁੱਤਾਂ ਦੇ ਮੌਸਮ ਦੀ ਮਾਰ
ਸਹਿੰਦੀ ਰਹੇਗੀ ਸਿਰ ਸੁੱਟਾ ਕੇ ।
ਲੱਕੜ 'ਚ ਵਾਧੇ ਦਾ ਕੀ ਅਰਥ ਭਲਾ ?
ਆਪਣੇ ਹੀ ਭਾਰ ਹੇਠ
ਡਿੱਗ ਪਏਗਾ ਰੁੱਖ ਇਕ ਦਿਨ ਟੁੱਟ ਕੇ :
ਹੁਣ ਲਾਜ਼ਮੀ ਹੈ ਟਾਹਣੀਓਂ ਕਿ ਤੁਸੀਂ
ਹਰ ਇਕ ਰੁੱਤ ਦੇ
ਲੁੱਚੇ ਮੌਸਮਾਂ ਨਾਲ ਜੰਗ ਕਰੋ ।
ਸੂਰਜ ਵੱਲ ਵਧਣ ਦੇ ਰੱਖੋ ਯਤਨ ਜਾਰੀ
ਬਦਚਲਣ ਪੁੱਠੀ ਹਵਾ ਦੀ
ਮਰਜ਼ੀ ਸੰਗ ਝੁਕਣਾ ਬੰਦ ਕਰੋ ।
ਆਪਣੇ 'ਚੋਂ ਲੁਕੀਆਂ ਚਿੜੀਆਂ 'ਚੋਂ ਚੂਜ਼ੇ
ਗਿਰਝਾਂ ਦੀ ਝਪਟ ਦਾ ਡਰ
ਤੇ ਸੁੱਤੀਆਂ ਘੁੱਗੀਆਂ ਤੋਂ
ਜਾਗਣ ਦੀ ਮੰਗ ਕਰੋ ।
ਢਾਹ ਦਿਓ ਸਿਰਾਂ ਤੇ ਬਣੇ
ਗਿਰਝਾਂ ਦੇ ਆਲ੍ਹਣੇ
ਛਾਂ ਆਪਣੀ 'ਚ ਸੁੱਤੇ ਕੁੱਤਿਆਂ
ਦਾ ਅਮਨ ਭੰਗ ਕਰੋ ।
ਆਪਣੇ ਨਾਲ ਜੁੜੇ ਹਰ ਪੱਤੇ ਦੀ ਖ਼ਾਤਰ
ਲੱਕੜ ਹਾਰਿਆਂ ਦੇ ਆਰਿਆਂ ਦੇ
ਹੁਣ ਖੁੰਡੇ ਦੰਦ ਕਰੋ ।
ਸੂਰਜ ਵੱਲ ਵਧਣ ਦੇ ਰੱਖੋ ਯਤਨ ਜਾਰੀ
ਬਦਚਲਣ ਪੁੱਠੀ ਹਵਾ ਦੀ -
ਮਰਜ਼ੀ ਸੰਗ ਝੁਕਣਾ ਬੰਦ ਕਰੋ । ○

## ਦਲਿਤ ਜਮਾਤ ਦਾ ਮਸਲਾ—ਡੀ.ਐਸ. ਫੋਰ, ਕਮਿਊਨਿਸਟ ਲਹਿਰ ਅਤੇ ਭਗਤ ਸਿੰਘ ਦੀ ਲਿਖਤ 'ਅਛੂਤ ਦਾ ਸਵਾਲ'

ਸਾਡੇ ਦੋਸਤ ਗੁਰਨਾਮ ਸਿੰਘ ਐਮ. ਏ. ਬੀ. ਟੀ. ਨੇ ਮੁਖਤਸਰ ਤੋਂ ਸਾਨੂੰ ਇਕ ਦਸਤਾਵੇਜ਼ ਭੇਜੀ ਹੈ । ਇਸ ਦਸਤਾਵੇਜ਼ ਦਾ ਸਿਰਲੇਖ ਹੈ—**ਭਾਰਤੀ ਇਨਕਲਾਬ ਦਾ ਸਮਾਜਕ ਅਧਾਰ**—ਇਹ ਦਸਤਾਵੇਜ਼ **ਡੀ. ਐਸ. ਫੋਰ** ਜ਼ਿਲਾ ਫਰੀਦਕੋਟ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ । ਡੀ. ਐਸ. ਫੋਰ ਲਹਿਰ ਪਿਛਲੇ ਕੁਝ ਸਾਲਾਂ ਤੋਂ ਸਾਡੀਆਂ ਸਿਆਸੀ ਲਹਿਰਾਂ ਵਿਚ ਆਪਣੀ ਇਕ ਵਿਸ਼ੇਸ਼ ਥਾਂ ਬਨਾਉਣ ਵਿਚ ਕਾਫੀ ਹੱਦ ਤਕ ਸਫਲ ਹੋਈ ਹੈ । ਇਸ ਲਹਿਰ ਬਾਰੇ ਦੋ ਪ੍ਰਤੀਕਰਮ ਆਮ ਸੁਣੇ ਜਾਂਦੇ ਹਨ । ਇਕ ਹਾਂ ਪੱਖੀ ਪ੍ਰਤੀਕਰਮ ਇਹ ਹੈ ਕਿ ਇਸ ਲਹਿਰ ਨੇ ਜ਼ੋਰਦਾਰ ਤਰੀਕੇ ਨਾਲ ਭਾਰਤ ਦੇ ਉਹਨਾਂ ਦੱਬੇ ਕੁੱਚਲੇ ਲੋਕਾਂ ਨੂੰ ਜੋ ਮਨੂੰ ਦੀ ਜ਼ਾਤਪਾਤ ਵਾਲੀ ਵੰਡ ਦੀ ਪ੍ਰਣਾਲੀ ਵਿਚ ਅਛੂਤਾਂ ਦੇ ਨਾਂ ਨਾਲ ਜਾਣੇ ਜਾਂਦੇ ਹਨ, ਇਕ ਅਗਵਾਈ ਦਿੱਤੀ ਹੈ ਕਿ ਉਹਨਾਂ ਦੀ ਮੁਕਤੀ ਲਈ ਕਿਸੇ ਹੋਰ ਨੇ ਉਹਨਾਂ ਦੀ ਸਾਰ ਨਹੀਂ ਲੈਣੀ ਅਤੇ ਉਹਨਾਂ ਨੂੰ ਅਪਣੇ ਹੱਥੀਂ ਅਪਣਾ ਕਾਜ ਸਵਾਰਨਾ ਪੈਣਾ ਹੈ । ਕੋਈ ਵੀ ਸਹੀ ਸੋਚ ਵਾਲਾ ਮਨੁੱਖ **ਡੀ. ਐਸ. ਫੋਰ ਦੇ ਇਸ ਆਸ਼ੇ ਨਾਲ ਅਸਹਿਮਤ ਨਹੀਂ ਹੋਵੇਗਾ** । ਇਸ ਲਹਿਰ ਦਾ ਨਾਂ ਪੱਖੀ ਪਹਿਲੂ ਇਹ ਹੈ ਕਿ ਇਹ ਲਹਿਰ ਖ਼ਾਮਖ਼ਾਹ ਸਮੁੱਚੀ ਖੱਬੀ ਲਹਿਰ ਜਾਂ ਕਮਿਊਨਿਸਟ ਲਹਿਰ ਤੇ ਇਕ ਤਾਅਨੇਬਾਜ਼ੀ ਕਰਦੀ ਹੈ ਕਿ ਇਸ ਲਹਿਰ ਨੇ ਅਛੂਤਾਂ ਲਈ ਵਿਸ਼ੇਸ਼ ਕੁਝ ਨਹੀਂ ਕੀਤਾ ਅਤੇ ਇਸ ਤਾਅਨੇਬਾਜ਼ੀ ਦੇ ਵੇਗ ਵਿਚ ਉਹ ਕਮਿਊਨਿਸਟ ਲੀਡਰਾਂ ਡਾਂਗੇ, ਰਜੇਸ਼ਵਰ, ਨੰਬੂਦਰੀਪਾਦ, ਚਾਰੂ ਮਜੂਮਦਾਰ, ਸਤਿਆ ਨਰਾਇਣ, ਕਾਨੂੰ ਸਨਿਆਲ, ਨਾਗਾਰੈਡੀ ਆਦਿਕ ਸਭ ਨੂੰ ਬ੍ਰਹਾਮਣਵਾਦ ਦਾ ਸ਼ਿਕਾਰ ਆਖਕੇ ਭੰਡਦੀ ਹੈ । ਜਿਸ ਦਸਤਾਵੇਜ਼ ਦਾ ਮੈਂ ਉਪਰ ਜ਼ਿਕਰ ਕੀਤਾ ਹੈ, ਇਸਦੇ ਵਿਚ ਵੀ ਡਾਂਗੇ ਦੀ ਕਿਤਾਬ 'India From Primitive communism to slavery' ਦਾ ਗਲਤ ਹਵਾਲਾ ਦਿਤਾ ਗਿਆ ਹੈ । ਇਹ ਕਿਤਾਬ ਭਾਰਤ ਦੇ ਇਤਿਹਾਸ ਉਤੇ ਸਾਥੀ ਡਾਂਗੇ ਦੀ ਇਕ ਮਾਰਕਸਵਾਦੀ ਵਿਆਖਿਆ ਹੈ । ਇਸ ਵਿਆਖਿਆ ਵਿਚ ਕਈ ਗਲਤੀਆਂ ਵੀ ਹੋ ਸਕਦੀਆਂ ਹਨ ਪਰ ਇਹ ਨਤੀਜਾ ਕਢਣਾ ਕਿ ਸਾਥੀ ਡਾਂਗੇ ਨੇ ਬ੍ਰਹਾਮਣਵਾਦ ਦਾ ਪੱਖ ਲਿਆ ਹੈ, ਇਹ ਬਿਲਕੁਲ ਹੀ ਗਲਤ ਹੈ । ਇਸ ਕਿਤਾਬ ਦੀ ਇਕ ਲਾਈਨ ਵੀ ਐਸੀ ਨਹੀਂ ਜਿਹੜੀ ਉਤਲੀ ਧਾਰਨਾ ਸਾਬਤ ਕਰਦੀ ਹੋਵੇ । ਹੋਰਨਾਂ ਕਮਿਊਨਿਸਟ ਲਹਿਰ ਦੇ ਲੀਡਰਾਂ ਉਤੇ ਵੀ ਇਹੋ ਜਿਹਾ ਇਲਜ਼ਾਮ ਲਗਾਉਣਾ ਬੜੀ ਸਖਤ ਜ਼ਿਆਦਤੀ ਹੈ । ਕਮਿਊਨਿਸਟ ਲਹਿਰ ਭਾਰਤੀ ਇਨਕਲਾਬ ਵਾਸਤੇ ਲੋੜੀਂਦੀ ਅਗਵਾਈ ਜਾਂ ਪ੍ਰਾਪਤੀ ਨਹੀਂ ਕਰ ਸਕੀ, ਉਹ ਅਛੂਤ ਕਮਿਊਨਿਟੀ ਨੂੰ ਪਹਿਲੇ ਮਹਾਤਮਾ ਗਾਂਧੀ ਦੇ ਅਸਰ ਥਲਿਓਂ ਤੇ ਫੇਰ ਆਜ਼ਾਦੀ ਤੋਂ ਬਾਅਦ ਕਾਂਗਰਸ ਦੇ ਅਸਰ ਥਲਿਓਂ ਨਹੀਂ ਕਢ ਸਕੀ, ਇਹ ਉਸਦੀ ਅਸਫਲਤਾ ਹੈ ਤੇ ਇਹ ਅਸਫਲਤਾ ਸਿਰਫ ਇਕ ਪੱਖ ਤੋਂ ਨਹੀਂ ਕਈ ਪੱਖਾਂ ਤੋਂ ਹੈ । ਇਸਦੇ ਇਤਹਾਸਕ

ਕਾਰਨ ਹਨ ਪਰ ਕਿਸੇ ਇੱਕ ਵੀ ਕਮਿਊਨਿਸਟ ਦੀ ਕਿਸੇ ਇਕ ਵੀ ਲਿਖਤ ਦਾ ਹਵਾਲਾ ਦੇਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਹਨੇ ਜ਼ਾਤਪਾਤ ਦੇ ਨਾਂ ਥਲੇ ਨੀਵੀਂ ਜ਼ਾਤ ਨਾਲ ਹੋ ਰਹੇ ਵਿਤਕਰੇ ਨੂੰ ਸਹੀ ਠਹਿਰਾਇਆ ਹੋਵੇ। ਇਹ ਇਲਜ਼ਾਮ ਬਿਲਕੁਲ ਨਾਜਾਇਜ਼ ਹੈ।

o ਕਮਿਊਨਿਸਟ ਲਹਿਰ ਮੇਹਨਤਕਸ਼ ਲੋਕਾਂ ਦੀ ਮੁਕਤੀ ਦੀ ਲਹਿਰ ਹੈ। ਭਾਰਤ ਦੇ ਉਹ ਲੋਕ ਜਿਨ੍ਹਾਂ ਨੂੰ ਨੀਵੀਂ ਜ਼ਾਤ ਨਾਲ ਸਬੰਧਤ ਕਿਹਾ ਜਾਂਦਾ ਹੈ, ਉਹ ਵੀ ਮੇਹਨਤਕਸ਼ ਲੋਕ ਹਨ। ਇਸ ਲਈ ਡੀ. ਐਸ. ਫੋਰ ਲਹਿਰ ਜੇਕਰ ਇਸ ਕਮਿਊਨਿਟੀ ਦੀ ਮੁਕਤੀ ਲਈ ਕੁਝ ਕਰ ਸਕੇ ਤਾਂ ਕਿਸੇ ਵੀ ਕਮਿਊਨਿਸਟ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਪਰ ਕਮਿਊਨਿਸਟ ਲਹਿਰ ਆਪਣੇ ਆਪ ਨੂੰ ਸਿਰਫ ਇਸ ਕਮਿਊਨਿਟੀ ਤਕ ਸੀਮਤ ਨਹੀਂ ਰਖ ਸਕਦੀ, ਉਸਨੇ ਸਮੁੱਚੀ ਮੇਹਨਤਕਸ਼ ਕਮਿਊਨਿਟੀ ਲਈ ਕੰਮ ਕਰਨਾ ਹੈ, ਜਿਸ ਵਿਚ ਉੱਚੀ ਜ਼ਾਤ ਨਾਲ ਸਬੰਧਤ ਗ਼ਰੀਬ ਹਿੰਦੂ, ਸਿਖ, ਮੁਸਲਮਾਨ ਵੀ ਆਂਦੇ ਹਨ।

o ਡੀ. ਐਸ. ਫੋਰ ਨੇ ਨੀਵੀਆਂ ਜ਼ਾਤਾਂ ਵਾਲੇ ਲੋਕਾਂ ਵਿਚ ਆਤਮ ਵਿਸ਼ਵਾਸ਼ ਭਰਕੇ ਉਹਨਾਂ ਵਿਚ ਸਭਿਆਚਾਰਕ ਇਨਕਲਾਬ ਲਿਆਉਣਾ ਅਪਣਾ ਨਿਸ਼ਾਨਾ ਬਣਾਇਆ ਹੈ। ਇਹ ਵਧੀਆ ਗੱਲ ਹੈ। 600 ਸਾਲ ਪਹਿਲੇ ਗੁਰੂ ਰਵੀਦਾਸ ਜੀ ਨੇ ਉਹਨਾਂ ਸੂਮਿਆਂ ਅਨੁਸਾਰ ਬਗ਼ਾਵਤ ਦਾ ਝੰਡਾ ਚੁਕਿਆ ਸੀ। ਉਹਨਾਂ ਨੇ ਬ੍ਰਾਹਮਣਵਾਦ ਨੂੰ ਚਣੌਤੀ ਦੇਂਦਿਆਂ ਇਹ ਕਿਹਾ ਸੀ ਕਿ ਜੇਕਰ ਤੁਸੀਂ ਸਾਨੂੰ ਅਪਣੇ ਮੰਦਰਾਂ ਵਿਚ ਭਗਵਾਨ ਦੇ ਦਰਸ਼ਨ ਲਈ ਨਹੀਂ ਆਉਣ ਦੇਵੋਗੇ ਤਾਂ ਤੁਸੀਂ ਇਸ ਭਗਵਾਨ ਨੂੰ ਸਾਂਭੀ ਰਖੋ, ਸਾਡੇ ਵਿਚ ਵਿਸ਼ਵਾਸ਼ ਹੋਇਆ ਤੇ ਅਸੀਂ ਅਪਣਾ ਭਗਵਾਨ ਆਪ ਸਾਕਾਰ ਕਰ ਲਵਾਂਗੇ। ਇਸ ਵਿਸ਼ਵਾਸ਼ ਦੀ ਅਜ ਵੀ ਲੋੜ ਹੈ। ਅਜ ਦਾ ਯੁੱਗ ਬਰਾਬਰੀ ਦਾ ਯੁੱਗ ਹੈ। ਡੀ. ਐਸ. ਫੋਰ ਨੂੰ ਉਹਦਾ ਕੰਮ ਮੁਬਾਰਕ ਹੋਵੇ। ਉਹ ਪਛੜੀਆਂ ਜ਼ਾਤਾਂ ਵਿਚ ਇਕ ਆਤਮ ਵਿਸ਼ਵਾਸ਼ ਪੈਦਾ ਕਰਨ ਵਾਲੀ ਸਫਲ ਲਹਿਰ ਹੋਵੇ, ਇਹ ਸਾਡੀਆਂ ਸ਼ੁਭ ਇਛਾਵਾਂ ਹਨ ਪਰ ਇਸ ਲਹਿਰ ਦੇ ਆਗੂਆਂ ਨੂੰ ਦੋਸਤ ਅਤੇ ਦੁਸ਼ਮਣ ਦੀ ਪਹਿਚਾਣ ਚਾਹੀਦੀ ਹੈ।

o ਡੀ. ਐਸ. ਫੋਰ ਦੇ ਇਸ ਦਸਤਾਵੇਜ਼ ਵਿਚ ਸ਼ਹੀਦ ਭਗਤ ਦੀ ਪ੍ਰਸਿਧ ਲਿਖਤ 'ਅਛੂਤਾਂ ਦਾ ਸਵਾਲ' ਵੀ ਸ਼ਾਮਿਲ ਕੀਤੀ ਗਈ ਹੈ। ਇਹ ਉਸ ਵੇਲੇ ਦੇ ਸੰਦਰਭ ਵਿਚ ਹਰ ਸਹੀ ਸੋਚਣ ਵਾਲੇ ਦੀ ਸੋਚਣੀ ਦੇ ਅਨਕੂਲ ਹੈ। ਪਰ ਇਸ ਲਿਖਤ ਦਾ ਹਵਾਲਾ ਦੇਦਿਆਂ ਹੋਇਆ ਵੀ ਦੋ ਗ਼ਲਤੀਆਂ ਕੀਤੀਆਂ ਗਈਆਂ ਹਨ-ਪਹਿਲੀ ਗ਼ਲਤੀ ਇਹ ਕੀਤੀ ਗਈ ਹੈ ਜਦੋਂ ਇਹ ਨਿਚੋੜ ਕਢਿਆ ਗਿਆ ਹੈ-ਦੇਖੋ ਭਗਤ ਸਿੰਘ 1928 ਵਿਚ ਜੋ ਸੋਚਦਾ ਸੀ ਬਾਅਦ ਵਿਚ ਕਮਿਊਨਿਸਟਾਂ ਨੇ ਉਸ ਦੀਆਂ ਕਹੀਆਂ ਗੱਲਾਂ ਨੂੰ ਭੁਲਾ ਦਿੱਤਾ। ਕਮਿਊਨਿਸਟ ਪਾਰਟੀ ਦੇ ਕਿਸੇ ਲਿਖਤ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਸ ਵਿਚ ਭਗਤ ਸਿੰਘ ਵਾਲੇ ਸਟੈਂਡ ਦੀ ਹਮਾਇਤ ਨਾ ਕੀਤੀ ਗਈ ਹੋਵੇ? ਸਮਤਾ ਦੇ ਕਾਲਮ ਇਸ ਪਹਿਲੂ ਉਤੇ ਵਿਚਾਰ ਵਟਾਂਦਰੇ ਲਈ ਹਾਜ਼ਰ ਹੋਣਗੇ। ਸ਼ਰਤ ਇਹੋ ਹੈ ਕਿ ਲਿਖਤ ਸੰਖੇਪ ਤੇ ਸਿੱਧੇ ਨੁਕਤੇ ਤੇ ਹੋਵੇ।

ਦੂਜੀ ਗ਼ਲਤੀ ਇਸ ਦਸਤਾਵੇਜ਼ ਵਿਚ ਇਹ ਕੀਤੀ ਗਈ ਹੈ ਕਿ ਇਸ ਲੇਖ ਦਾ ਇਕ ਪਹਿਰਾ, ਜਿਸ ਵਿਚ ਲਾਲਾ ਲਜਪਤ ਰਾਏ 1928 ਵਿਚ ਧਾਰਮਕ ਕੱਟੜਵਾਦੀਆਂ ਦੇ ਵਿਰੁੱਧ ਪੱਕਾ ਸਟੈਂਡ ਲੈਕੇ ਅਛੂਤਾਂ ਦੇ ਹੱਕ ਵਿਚ ਭੁਗਤਿਆ ਸੀ, ਉਹ ਕੱਟ ਦਿੱਤਾ ਗਿਆ ਹੈ। ਇਹ ਕਿਉਂ ਕੱਟਿਆ ਗਿਆ ਹੈ। ਇਸਦਾ ਇਕੋ ਕਾਰਨ ਹੈ ਕਿ ਡੀ. ਐਸ. ਫੋਰ ਵਾਲੇ ਇਹ ਸਵੀਕਾਰ ਨਹੀਂ ਕਰਨਾ ਚਾਹੁੰਦੇ ਕਿ ਅਛੂਤਾਂ ਦਾ ਮਸਲਾ ਆਜ਼ਾਦੀ ਦੀ ਲਹਿਰ ਲੜਣ ਵਾਲਿਆਂ ਦਾ ਇਕ ਅਹਿਮ ਮੱਸਲਾ ਰਿਹਾ ਹੈ। ਮਹਾਤਮਾ ਗਾਂਧੀ ਜਾਂ ਹੋਰ ਕਾਂਗਰਸੀ ਲੀਡਰਾਂ ਦੀ ਪਹੁੰਚ ਇਸ ਬਾਰੇ ਗ਼ਲਤ ਅਤੇ ਪਾਖੰਡ ਭਰੀ ਸੀ, ਇਸ ਬਾਰੇ ਬਹਿਸ ਹੋ ਸਕਦੀ ਹੈ ਪਰ ਡੀ. ਐਸ. ਫੋਰ ਨੂੰ ਕਿਸੇ ਵੀ ਇਤਹਾਸਕ ਦਸਤਾਵੇਜ਼ ਦਾ ਹਵਾਲਾ ਦੇਣ ਲੱਗਿਆਂ ਇਸ ਰੁੱਚੀ ਤੋਂ ਗੁਰੇਜ਼ ਕਰਨਾ ਚਾਹਿਦਾ ਹੈ ਤੁਸੀਂ ਇਤਹਾਸਕ ਦਸਤਾਵੇਜ਼ ਦੀ ਕਿਸੇ ਧਾਰਨਾ ਨੂੰ ਦਲੀਲਾਂ ਦੇ ਕੇ ਰੱਦ ਕਰ ਸਕਦੇ ਹੋ, ਪਰ ਉਸ ਨੂੰ ਤਰੋੜ ਮੋੜ ਕੇ ਪੇਸ਼ ਕਰਨਾ ਜਾਂ ਆਪਣੀ ਦਲੀਲ ਵਿਰੁਧ ਜਾਣ ਵਾਲੇ ਪੈਰੇ ਨੂੰ ਖਾ ਹੀ ਜਾਣਾ ਇਮਾਨਦਾਰੀ ਨਹੀਂ।

o ਇਤਿਹਾਸ ਵਿਚ ਦਲਿਤ ਮਸਲਾ ਕਈ ਪੜਾਵਾਂ ਵਿਚੋਂ ਲੰਘਿਆ ਹੈ। ਸ਼ੁਰੂ ਸ਼ੁਰੂ ਵਿਚ ਇਸ ਮਸਲੇ ਵਲ ਮਾਨਵਵਾਦੀ ਦ੍ਰਿਸ਼ਟੀ ਨਾਲ ਪਹੁੰਚ ਕੀਤੀ ਗਈ ਕਿ ਰੱਬ ਦੇ ਬੰਦੇ ਸਭ ਬਰਾਬਰ ਹਨ ਕੋਈ ਛੋਟਾ ਵੱਡਾ ਨਹੀਂ। ਦੂਜੀ ਪਹੁੰਚ ਆਰਥਕਤਾ ਤੇ ਅਧਾਰਤ ਸੀ ਕਿ ਜਿੰਨਾਂ ਚਿਰ ਦਲਿਤਾਂ ਦੀ ਆਰਥਕਤਾ ਨੂੰ ਉੱਤੇ ਨਹੀਂ ਚੁਕਿਆ ਜਾਂਦਾ, ਉਹਨਾਂ ਦਾ ਸਮਾਜਕ ਦਰਜਾ ਉਤੇ ਨਹੀਂ ਚੁਕਿਆ ਜਾ ਸਕਦਾ, ਤੀਸਰੀ ਪਹੁੰਚ ਸਭਿਆਚਾਰਕ ਦ੍ਰਿਸ਼ਟੀ ਦੀ ਦੇਣ ਹੈ ਜਿਸ ਵਿਚ ਉਹਨਾਂ ਪੁਰਾਤਨ ਲਿਖਤਾਂ ਨੂੰ ਜੋ ਹਿੰਦੂ ਧਰਮ ਦੀ ਬੁਨਿਯਾਦ ਗਿਣੀਆਂ ਗਈਆਂ ਹਨ, ਚੈਲਿੰਜ ਕਰਨਾ ਜ਼ਰੂਰੀ ਸਮਝਿਆ ਗਿਆ ਹੈ ਕਿਉਂਕਿ ਇਹ ਸਮਝਿਆ ਗਿਆ ਹੈ, ਕਿ ਇੰਨਾਂ ਚਿਰ ਬੁਨਿਆਦ ਨੂੰ ਨਹੀਂ ਮੁਕਾਇਆ ਜਾਂਦਾ, ਮਸਲਾ ਹਲ ਨਹੀਂ ਹੋ ਸਕਦਾ। ਇਸ ਜਾਗ੍ਰਿਤੀ ਦੀ ਲਹਿਰ ਦੀ ਮਤਵਾਜ਼ੀ ਅਮਰੀਕਾ

ਵਿਚ ਕਾਲੇ ਲੋਕਾਂ ਦੀ ਜਾਗ੍ਰਿਤੀ ਲਹਿਰ ਹੈ। ਇਸ ਦਾ ਪਹਿਲਾ ਪੜਾਅ ਮਾਨਵਵਾਦੀ ਦ੍ਰਿਸ਼ਟੀ ਨਾਲ ਸਾਹਮਣੇ ਆਇਆ। ਫੇਰ ਆਰਥਕਤਾ ਦਾ ਫੈਕਟਰ ਸਾਹਮਣੇ ਆਇਆ ਪਰ ਅਗਲਾ ਪੜਾਅ 'ਬਲੈਕ ਪਾਵਰ' ਦਾ ਆਇਆ ਜਿਸ ਵਿਚ ਕਾਲੇ ਲੋਕਾਂ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਨਾਂ ਹੀ ਕਿਸੇ ਰਹਿਮ ਦੇ ਮੁਹਤਾਜ ਨੇ ਤੇ ਨਾਂਹੀ ਉਹ ਪੈਸੇ ਦੀ ਤਾਕਤ ਅਗੇ ਝੁਕਣਾ ਚਾਹੁੰਦੇ ਹਨ ਸਗੋਂ ਉਹ ਆਪਣੇ ਵਿਸ਼ਵਾਸ਼ ਨਾਲ ਸਮਾਜ ਵਿਚ ਆਪਣੀ ਥਾਂ ਬਨਾਉਣਾ ਚਾਹੁੰਦੇ ਹਨ ਤੇ ਹਰ ਖੇਤ੍ਰ ਵਿਚ ਭਾਂਵੇ ਉਹ ਖੇਡ ਦਾ ਖੇਤ੍ਰ ਹੈ, ਸਾਹਿਤ ਦਾ ਖਤ੍ਰ ਹੈ, ਫਿਲਮੀ ਸਟੇਜ ਟੀ ਵੀ ਸੰਗੀਤ ਵਰਗੀਆਂ ਕਲਾਵਾਂ ਦਾ ਖੇਤ੍ਰ ਹੈ, ਸਿਆਸੀ ਖੇਤ੍ਰ ਹੈ, ਉਹ ਆਪਣੇ ਹੁਨਰ ਦੇ ਬਲ, ਆਪਣੀ ਤਾਕਤ ਦੇ ਬਲ ਇਹਨਾਂ ਵਿਚ ਤੇ ਸਮੁੱਚੇ ਸਮਾਜ ਵਿਚ ਆਪਣੀ ਥਾਂ ਬਨਾਉਣਗੇ। ਡੀ. ਐਸ. ਫੋਰ ਦਲਿਤੋਂ ਲੋਕਾਂ ਵਿਚ ਇਹ ਵਿਸ਼ਵਾਸ਼ ਉਤਪੰਨ ਕਰ ਸਕੇ ਤਾਂ ਇਹ ਮੁਬਾਰਕ ਗਲ ਹੋਵੇਗੀ। ਇਹ ਸਚ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਦਲਿਤ ਜਮਾਤ ਦੀ ਮੁਕਤੀ ਤੋਂ ਬਿਨਾਂ ਭਾਰਤ ਦਾ ਕੋਈ ਇਨਕਲਾਬ ਵੀ ਨਹੀਂ ਚਿਤਵਿਆ ਜਾ ਸਕਦਾ।

ਗੁਰਸ਼ਰਨ ਸਿੰਘ

**ਅਛੂਤ ਦਾ ਸਵਾਲ/ਭਗਤ ਸਿੰਘ ਜੂਨ 1928**

ਨੋਟ : ਇਹ ਲਿਖਤ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ ਵਾਲੀ ਪੁਸਤਕ ਵਿਚੋਂ ਪੜ੍ਹੀ ਜਾ ਸਕਦੀ ਹੈ। ਇਸ ਪੁਸਤਕ ਨੂੰ ਜਗਮੋਹਨ ਸਿੰਘ, ਸਕਤ੍ਰ ਸ਼ਹੀਦ ਭਗਤ ਸਿੰਘ ਖੋਜ ਕਮੇਟੀ ਨੇ ਸੰਪਾਦਤ ਕੀਤਾ ਹੈ। ਦਰਸ਼ਨ ਸਿੰਘ ਪਿੰਡ ਤੇ ਡਾ:ਕੂਹਲੀ ਕਲਾਂ, ਲੁਧਿਆਣਾ ਨੇ ਰੈਡੀਕਲ ਪਬਲੀਕੇਸ਼ਨਜ਼, ਸਾਹਮਣੇ ਡੀ.ਐਮ.ਕਾਲਜ ਮੋਗਾ ਨੇ ਪ੍ਰਕਾਸ਼ਤ ਕੀਤਾ ਹੈ। ਇਹ 376 ਸਫ਼ੇ ਮੁਲ 25/- ਦੀ ਕਿਤਾਬ ਭਗਤ ਸਿੰਘ ਤੇ ਸਾਥੀਆਂ ਦੀਆਂ ਲਿਖਤਾਂ ਦੀ ਸਾਰਿਆਂ ਨਾਲੋਂ ਪ੍ਰਤੀਨਿਧਤ ਕਿਤਾਬ ਹੈ।

## ਬਿਹਾਰ ਪੁਲਸ ਵੱਲੋਂ ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀ ਅਰਵਲ ਵਿਖੇ ਕਤਲੇਆਮ

ਭਾਰਤ ਇਸ ਵੇਲੇ ਇਕ ਬੜੇ ਵੱਡੇ ਆਰਥਕ ਸੰਕਟ ਵਿਚ ਫੱਸ ਚੁੱਕਿਆ ਹੈ। ਇਹਦੀ ਆਰਥਕਤਾ ਉਤੇ ਹੁਣ ਇਹਦਾ ਆਪਣਾ ਕੰਟਰੋਲ ਨਹੀਂ ਰਿਹਾ। ਇਥੋਂ ਦੀ ਵੱਡੀ ਬੁਰਜੁਆਜ਼ੀ ਜਿਹੜੀ ਕਿਸੇ ਵੇਲੇ ਸੰਸਾਰ ਮਾਰਕਿਟ ਵਿਚ ਇਕ ਇਜ਼ਤਦਾਰ ਥਾਂ ਲੈਣੀ ਲੋਚਦੀ ਸੀ ਹੁਣ ਸੰਸਾਰ ਮੁਕਾਬਲੇ ਵਿਚ ਪੂਰੀ ਤਰ੍ਹਾਂ ਮਾਰ ਖਾਣ ਦੇ ਬਾਅਦ ਇਕ ਬਰਾਬਰ ਦੇ ਹਿੱਸੇਦਾਰ ਵਜੋਂ ਨਹੀਂ ਸਗੋਂ ਸੰਸਾਰ ਸਰਮਾਏਦਾਰੀ ਦੀ ਦਲਾਲ ਵਜੋਂ ਵਿਚਰਨ ਵਿਚ ਹੀ ਆਪਣੀ ਨਿਜਾਤ ਸਮਝਦੀ ਹੈ। ਇਸ ਦਲਾਲੀ ਵਿਚ ਉਸਨੇ ਸੰਸਾਰ ਸਰਮਾਏਦਾਰੀ ਨੂੰ ਇਹ ਯਕੀਨ ਦਿਵਾ ਦਿਤਾ ਹੈ ਕਿ ਉਹ ਮੁਕਾਬਲੇ ਵਿਚ ਨਹੀਂ ਖਲੋਂਦੀ ਪਰ ਉਹਨੂੰ ਜੇਕਰ ਛੋਟਾ ਭਾਈਵਾਲ (junior partner) ਬਣਾ ਲਿਆ ਜਾਏ ਤਾਂ ਉਹ ਭਾਰਤ ਦੀ ਸੱਸਤੀ ਮਜ਼ਦੂਰੀ ਉਹਦੇ (ਸੰਸਾਰ ਸਰਮਾਏਦਾਰੀ ਦੇ) ਮੁਨਾਫੇ ਵਾਲੀ ਲੁੱਟ ਵਿਚ ਸਹਾਇਤਾ ਕਰ ਸਕਦੀ ਹੈ। ਇਸੇ ਕਰਕੇ ਬਹੁ ਕੌਮੀ ਕੰਪਨੀਆਂ ਦੀ ਹੁਣ ਇਸ ਦੇਸ਼ ਵਿਚ ਭਰਮਾਰ ਹੋ ਗਈ ਹੈ। ਜ਼ਾਹਰਾ ਤੌਰ ਤੇ ਇਂਡਸਟਰੀ ਵਿਚ ਬੜਾ ਵਾਧਾ ਲੱਗ ਰਿਹਾ ਹੈ ਪਰ ਇਸ ਸਾਰੇ ਵਾਧੇ ਦਾ ਭਾਰਤ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਚੰਗਾ ਬਨਾਉਣ ਵਿਚ ਕੋਈ ਹਿੱਸਾ ਨਹੀਂ। ਸਾਰਾ ਮੁਨਾਫਾ (ਦਲਾਲਾਂ ਦੀ ਦਲਾਲੀ ਦੇ ਕੇ) ਬਾਹਰ ਜਾ ਰਿਹਾ ਹੈ। ਭਾਰਤ ਦੇ ਲੋਕਾਂ ਦੀ ਖ੍ਰੀਦ ਸ਼ਕਤੀ ਘੱਟ ਰਹੀ ਹੈ। ਇਕ ਪਾਸੇ ਕਣਕ ਗੁਦਾਮਾਂ ਵਿਚ ਰੁਲ ਰਹੀ ਹੈ, ਦੂਜੇ ਪਾਸੇ ਕਾਲ ਪਿਆ ਹੋਇਆ ਹੈ, ਲੋਕਾਂ ਕੋਲ ਇਹ ਕਣਕ ਖ੍ਰੀਦਨ ਲਈ ਪੈਸੇ ਨਹੀਂ। ਕਣਕ ਬਾਹਰ ਦੇ ਮੁਲਕਾਂ ਵਿਚ ਸੱਸਤੇ ਭਾਅ ਵੇਚੀ ਜਾ ਰਹੀ ਹੈ। ਟੈਲੀਵੀਜ਼ਨਾਂ, ਸਕੂਟਰਾਂ, ਬਿਜਲੀ ਦੇ ਸਾਮਾਨ ਵਰਤਨ ਦੀਆਂ ਚੀਜ਼ਾਂ ਦਾ ਮਾਰਕੀਟ ਵਿਚ ਹੜ ਆਇਆ ਹੈ। ਖਰੀਦਦਾਰ ਕੋਈ ਨਹੀਂ। ਕਿਸੇ ਵੀ ਪਾਸੇ ਕੋਈ ਵਿਕਾਸ ਨਹੀਂ, ਇਸ ਲਈ ਰੁਜ਼ਗਾਰ ਨਹੀਂ। ਬੇਰੁਜ਼ਗਾਰਾਂ ਦੀ ਗਿਣਤੀ ਵਿਚ ਹਰ ਦਿਨ ਵਾਧਾ ਹੀ ਵਾਧਾ ਹੋ ਰਿਹਾ ਹੈ। ਜ਼ਰੂਰੀ ਹੈ ਅਸਤੰਸ਼ਟਤਾ ਫੈਲ ਰਹੀ ਹੈ! ਐਜੀਟੇਸ਼ਨਾਂ ਦੀ ਵੱਧਨ ਦੀ ਸੰਭਾਵਨਾ ਹੈ। ਭਾਰਤ ਦੀ ਸਰਕਾਰ ਜੋ ਵੱਡੀ ਬੁਰਜੁਆਜ਼ੀ ਦੀ ਨੁਮਾਇੰਦਾ ਹੈ ਜਿਸ ਦੀਆਂ ਸ਼ਾਖਾਂ ਵੱਡੀ ਜਗੀਰਦਾਰੀ ਵਿਚ ਵੀ ਹਨ, ਉਹ ਆਪਣਾ ਜਮਾਤੀ ਪੱਖ ਤਾਂ ਹੀ ਪੂਰਾ ਕਰ ਸਕਦੀ ਹੈ ਕਿ ਲੋਕਾਂ ਦੇ ਆਪਣੀ ਜ਼ਿੰਦਗੀ ਨੂੰ ਚੰਗਾ ਬਨਾਉਣ ਵਾਲੇ ਹਰ ਸੰਘਰਸ਼ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਦਬਾਏ। ਤਾਂ ਹੀ ਉਹ ਸੰਸਾਰ ਦੀ ਸਰਮਾਏਦਾਰੀ ਢਾਂਚੇ ਵਿਚ ਆਪਣੀ ਸੱਸਤੀ ਮਜ਼ਦੂਰੀ ਦੀ ਦਲਾਲੀ ਦੀ ਭੂਮਿਕਾ ਨਿਭਾ ਸਕਦੀ ਹੈ। ਅਸਿੱਧੇ ਤਰੀਕੇ ਲੋਕਾਂ ਦੀ ਏਕਤਾ ਨੂੰ ਧਰਮ, ਇਲਾਕੇ ਤੇ ਜਾਤੀ ਦੇ ਨਾਂ ਥੱਲੇ ਪਾੜਨਾ ਹੈ ਅਤੇ ਸਿੱਧਾ ਤਰੀਕਾ ਉਹਨਾਂ ਨੂੰ ਬੰਦੂਕਾਂ ਦੀਆਂ ਗੋਲੀਆਂ ਨਾਲ ਦਬਾਉਣਾ ਹੈ। ਹਕੂਮਤ ਦਾ ਨੰਗਾ ਚਿੱਟਾ ਜਬਰ ਹੁਣ ਸਾਧਾਰਨ ਲੋਕਾਂ ਤੇ ਵਧ ਰਿਹਾ ਹੈ ਅਤੇ ਵਿਸ਼ੇਸ਼ ਤੌਰ ਤੇ ਇਹ ਜਬਰ ਉਹਨਾਂ ਲੋਕਾਂ 'ਚ ਵਧ ਰਿਹਾ ਹੈ, ਜੋ ਜਥੇਬੰਦ

ਹੋਕੇ ਆਪਣੀ ਹੋਣੀ ਨੂੰ ਬਦਲਨ ਲਈ ਸਰਗਰਮ ਸੰਘਰਸ਼ ਕਰ ਰਹੇ ਹਨ। ਬਿਹਾਰ ਅਤੇ ਆਂਧਰਾ ਇਸ ਦੀਆਂ ਮਿਸਾਲਾਂ ਹਨ। ਇਸ ਜਬਰ ਦੀ ਜੀਂਦੀ ਜਾਗਦੀ ਮਿਸਾਲ ਹੁਣ ਅਰਵਲ (ਬਿਹਾਰ) ਵਿਚ ਹੋਏ ਪੁਲਸ ਵਲੋਂ ਕਤਲੇਆਮ ਦੀ ਹੈ। ਜਿਸ ਨੂੰ ਸਹਿਜੇ ਹੀ ਜਲਿਆਂ ਵਾਲੇ ਬਾਗ਼ ਦੇ ਸਾਕੇ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਹੇਠਾਂ ਅਸੀਂ ਅਰਵਲ ਬਾਰੇ ਉਸ ਰੀਪੋਰਟ ਦਾ ਸੰਖੇਪ ਦੇ ਰਹੇ ਹਾਂ, ਜੋ ਮਾਰਕਸੀ ਵਿਚਾਰ ਮੰਚ ਪਟਿਆਲਾ ਵਲੋਂ ਤਿਆਰ ਕੀਤੀ ਗਈ ਹੈ ਅਤੇ ਜਿਸਨੂੰ ਦਿਸ਼ਾ ਪ੍ਰਕਾਸ਼ਨ ਵਲੋਂ ਸਰਕੂਲੇਟ ਕੀਤਾ ਗਿਆ ਹੈ। ਸੰਪਾਦਕ

---

ਬਿਹਾਰ ਦੇ ਗਯਾ ਜ਼ਿਲੇ ਦੇ ਕਸਬੇ ਅਰਵਲ ਵਿਚ 19 ਅਪ੍ਰੈਲ ਨੂੰ ਮਜ਼ਦੂਰ ਕਿਸਾਨ ਸੰਘਰਸ਼ ਸੰਮਤੀ ਵਲੋਂ ਇਕ ਜਨਤਕ ਸਭਾ ਕੀਤੀ ਜਾ ਰਹੀ ਸੀ। ਇਸ਼ ਵਿਚ ਸੱਤ-ਅੱਠ ਸੌ ਦੇ ਕਰੀਬ ਖੇਤਮਜ਼ਦੂਰ, ਕਿਸਾਨ ਅਤੇ ਸਥਾਨਕ ਸ਼ਹਿਰੀ ਸ਼ਾਮਲ ਸਨ । ਇਹ ਸਭਾ ਚਾਰ ਦਿਵਾਰੀ ਨਾਲ ਘਿਰੇ ਗਾਂਧੀ ਲਾਇਬਰੇਰੀ ਦੇ ਵਿਹੜੇ ਵਿਚ ਹੋ ਰਹੀ ਸੀ। ਜਹਾਨਾਬਾਦ ਪੁਲਸ ਜ਼ਿਲੇ ਦੇ ਐਸ. ਪੀ. ਕਾਸਵਾਨ ਦੀ ਅਗਵਾਈ ਵਿਚ ਪੁਲਸ ਨੇ ਸਭਾ ਨੂੰ ਘੇਰ ਲਿਆ ਅਤੇ ਬਿਨਾਂ ਕੋਈ ਵਾਰਨਿੰਗ ਦਿੱਤੇ ਸਟੇਨਗੰਨਾਂ ਅਤੇ ਰਾਈਫਲਾਂ ਨਾਲ ਲੋਕਾਂ ਨੂੰ ਅਨ੍ਹੇਵਾਹ ਭੁੰਨਣਾ ਸ਼ੁਰੂ ਕਰ ਦਿੱਤਾ। ਬੰਦੂਕਾਂ ਦੀਆਂ ਗੋਲੀਆਂ ਤੋਂ ਪਤਾ ਲਗਦਾ ਹੈ ਕਿ ਜਗੀਰਦਾਰ ਵੀ ਲੋਕਾਂ ਦਾ ਕਤਲੇਆਮ ਕਰਨ ਵਿਚ ਪੁਲਸ ਦੇ ਨਾਲ ਸਨ। ਐਮ.ਕੇ. ਐਸ ਐਸ. ਦੀ ਹੁਣ ਤਕ ਦੀ ਪੜਤਾਲ ਅਨੁਸਾਰ 60 ਦੇ ਕਰੀਬ ਆਦਮੀ ਔਰਤਾਂ ਤੇ ਬੱਚੇ ਕਤਲ ਕਰ ਦਿੱਤੇ ਗਏ। 100 ਦੇ ਕਰੀਬ ਵਿਅਕਤੀ ਲਾਪਤਾ ਹਨ । ਅਨੇਕਾ ਗੰਭੀਰ ਜ਼ਖਮੀਆਂ ਦੀਆਂ ਜਾਨਾਂ ਖਤਰੇ ਵਿਚ ਹਨ। ਆਈ.ਪੀ. ਐਫ. ਦੇ ਬਿਆਨ ਅਨੁਸਾਰ 100 ਦੇ ਕਰੀਬ ਵਿਅਕਤੀ ਕਤਲ ਕਰ ਦਿੱਤੇ ਗਏ। ਐਮ.ਕੇ.ਐਸ.ਐਸ. (ਮਜ਼ਦੂਰ ਕਿਸਾਨ ਸੰਘਰਸ਼ ਸੰਮਤੀ) ਦੇ ਸਥਾਨਕ ਆਗੂ ਸਾਥੀ ਭਰਤ ਸ਼ਾਹ ਨੂੰ ਪੁਲਸ ਨੇ ਫੜਕੇ ਗੋਲੀ ਨਾਲ ਉਡਾ ਦਿੱਤਾ। ਇਲਾਕੇ ਦੇ ਹਰਮਨ ਪਿਆਰੇ ਤੇ ਐਮ.ਕੇ.ਐਸ. ਐਸ. ਦੀ ਸੂਬਾ ਐਗਜ਼ੈਕਟਿਵ ਦੇ ਮੈਂਬਰ ਸਾਥੀ ਜਮੀਲ ਰਹਿਮਾਨ ਨੂੰ, ਸੰਮਤੀ ਦੀਆਂ ਬਹਾਦਰ ਕਾਰਕੁਨ ਔਰਤਾਂ ਨੇ, ਆਪਣੀ ਓਟ ਦਿੰਦੇ ਹੋਏ, ਪੁਲਸੀ ਬੁੱਚੜਾਂ ਦੇ ਘੇਰੇ 'ਚੋਂ ਸੁਰਖਿਅਤ ਬਾਹਰ ਕੱਢ ਦਿੱਤਾ ਸੀ। ਬਿਹਾਰ ਪੁਲਸ ਦੇ ਡਾਇਰ ਐਸ. ਪੀ. ਕਾਸਵਾਨ ਨੇ ਅਰਵਲ ਦੇ ਕਤਲੇ-ਆਮ ਨਾਲ ਜੱਲਿਆਂਵਾਲਾ ਬਾਗ ਦੇ ਸਾਕੇ ਦੀ ਯਾਦ ਮੁੜ ਤਾਜ਼ਾ ਕਰ ਦਿੱਤੀ ਹੈ। ਗਰੀਬ ਮਿਹਨਤਕਸ਼ ਲੋਕਾਂ ਵਾਸਤੇ 1919 ਦੇ ਅਗਰੇਜ਼ੀ ਸਾਮਰਾਜ ਦੇ ਅੱਤਿਆਚਾਰਾਂ ਅਤੇ 1986 ਦੇ ਰਾਜੀਵ ਹਕੂਮਤ ਦੇ ਅੱਤਿਆਚਾਰਾ ਵਿਚ ਕੋਈ ਰੱਤੀ ਭਰ ਫੱਰਕ ਨਹੀਂ ਹੈ, ਸਗੋਂ ਸਮਾਨਤਾ ਵਧੇਰੇ ਹੈ।

ਅਰਵਲ ਦੇ ਕਤਲੇਆਮ ਸਬੰਧੀ, ਚਲ ਰਹੇ ਪਾਰਲੀ-ਮੈਂਟ ਦੇ ਇਜਲਾਸ ਵਿਚ ਵਿਰੋਧੀ ਧਿਰ ਵਲੋਂ ਬਹਿਸ ਕੀਤੇ ਜਾਣ ਦੀ ਮੰਗ ਨੂੰ ਰੱਦ ਕਰ ਦਿੱਤਾ ਗਿਆ ਹੈ। ਲੋਕ ਸਭਾ ਦੇ ਸਪੀਕਰ ਸ੍ਰੀ ਜਾਖੜ ਨੇ ਕਿਹਾ ਹੈ "ਕਿ ਮੈਨੂੰ ਸਭ ਪਤਾ ਹੈ, ਇਸ ਲਈ ਮੈਂ ਬਹਿਸ ਦੀ ਇਜਾਜ਼ਤ ਨਹੀਂ ਦਿੰਦਾ ਹਾਂ।"

ਸਪਸ਼ਟ ਹੈ, ਪੁਲਸ ਵਲੋਂ ਗ਼ਰੀਬ ਜਨਸਮੂਹ ਦਾ ਸੈਂਕੜਿਆਂ ਵਿਚ ਕੀਤਾ ਗਿਆ ਕਤਲੇਆਮ, ਹਾਕਮਾਂ ਦੀ ਪਾਰਲੀਮੈਂਟ ਵਿਚ ਬਹਿਸ ਅਧੀਨ ਕਿਵੇਂ ਆ ਸਕਦਾ ਹੈ। ਹਾਂ, ਸੋਭਰਾਜ ਤੇ ਹੋਰ ਸਮਗਲਰਾਂ ਦੇ ਕਿੱਸੇ ਤਾਂ ਸੁਆਦ ਮਾਨਣ ਲਈ ਬਹਿਸ ਅਧੀਨ ਆ ਸਕਦੇ ਹਨ। ਵਿਰੋਧੀ ਧਿਰਾਂ ਨੇ ਰੋਸ ਵਜੋਂ ਦੋਵੇਂ ਸਦਨਾਂ ਵਿਚੋਂ ਵਾਕ ਆਉਟ ਕੀਤਾ।

## ਕੀ ਇਹ ਕਤਲੇਆਮ ਇਕ ਸਾਜਸ਼ ਹੈ ?

ਕੁਝ ਸਮਾਂ ਪਹਿਲਾਂ, ਪਾਲੀਗੰਜ ਵਿਖੇ ਬਿਹਾਰ ਦੇ ਮੁੱਖ ਮੰਤਰੀ ਬਿੰਦੇਸ਼ਵਰੀ ਦੂਬੇ ਨੇ ਜਗੀਰਦਾਰਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਇਹ ਭਰੋਸਾ ਦਿਵਾਇਆ ਸੀ ਕਿ ਇਕ ਮਹੀਨੇ ਦੇ ਅੰਦਰ ਪਟਨਾ ਅਤੇ ਗਯਾ ਜ਼ਿਲ੍ਹੇ ਵਿਚ ਨਕਸਲਵਾਦੀਆਂ ਦਾ ਸਫਾਇਆ ਕਰ ਦਿੱਤਾ ਜਾਵੇਗਾ। ਬਿਹਾਰ ਸਰਕਾਰ ਜੋ ਵੱਡੇ ਵੱਡੇ ਜਗੀਰਦਾਰਾਂ ਦੀ ਨੁਮਾ-ਇੰਦਗੀ ਕਰਦੀ ਹੈ, ਨੂੰ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵਲੋਂ ਚਲਾਇਆ ਜਾ ਰਿਹਾ ਖਾੜਕੂ ਜ਼ਮੀਨੀ ਸੰਘਰਸ਼ ਅੱਖ 'ਚ ਰੋੜ ਦੀ ਤਰਾਂ ਰੜਕ ਰਿਹਾ ਹੈ। ਪਿਛਲੇ ਕੁਝ ਹੀ ਸਮੇਂ 'ਚ ਜਗੀਰਦਾਰਾਂ ਨੇ ਜਾਤ ਤੇ ਅਧਾਰਤ ਆਪਣੀਆਂ ਨਿਜੀ ਹਥਿਆਰਬੰਦ ਸੈਨਾਵਾਂ ਬਣਾ ਲਈਆਂ ਹਨ ਜਿਵੇਂ ਭੂਮੀ ਸੈਨਾ, ਲੋਰਿਕ ਸੈਨਾ, ਬਰਾਹਮਰਿਸ਼ੀ ਸੈਨਾ ਅਤੇ ਕੁੰਵਰ ਸੈਨਾ ਆਦਿ। ਬਿਹਾਰ ਸਰਕਾਰ ਨੇ ਆਪਣੀ ਪੁਲਸ ਨੂੰ ਵੀ ਇਸ ਲਹਿਰ ਨਾਲ ਸਬੰਧਤ ਕਾਰਕੁੰਨਾਂ ਤੇ ਜਬਰ ਕਰਨ ਜਾਂ ਮਾਰਨ ਦੀ ਖੁੱਲ੍ਹੀ ਛੁੱਟੀ ਦੇ ਰਖੀ ਹੈ। ਇਹ ਕੰਮ ਸਰਕਾਰ ਨੇ ਸਪੈਸ਼ਲ ਟਾਸਕ ਫੋਰਸ ਨੂੰ ਸੌਂਪਿਆ ਹੈ। ਜਿਵੇਂ ਬਿਹਾਰ ਦੇ ਡਾਇਰੈਕਟਰ ਜਨਰਲ ਪੁਲਿਸ ਦਾ ਬਿਆਨ ਕਿ "ਪੁਲਸ ਨੂੰ ਗੋਲੀ ਚਲਾਉਣ ਅਤੇ ਮਾਰਨ ਦੇ ਹੁਕਮ ਪਹਿਲੋਂ ਮਿਲੇ ਹੋਏ ਹਨ," ਸਪਸ਼ਟ ਕਰਦਾ ਹੈ। ਅੱਜ ਬਿਹਾਰ 'ਚ ਅੱਗੇ ਵੱਧ ਰਹੀ ਇਹ ਜ਼ਰਈ ਇਨ-ਕੁਲਾਬੀ ਲਹਿਰ ਨੂੰ ਜਗੀਰਦਾਰ, ਉਹਨਾਂ ਦੀਆਂ ਸੈਨਾਵਾਂ, ਬਿਹਾਰ ਸਰਕਾਰ ਤੇ ਉਸਦੀ ਪੁਲਸ ਮੁਢੋਂ ਸੁਢੋਂ ਖਤਮ ਕਰ ਦੇਣਾ ਲੋਚਦੇ ਹਨ।

## ਆਖਰ ਇਹ ਸਾਜ਼ਿਸ਼ ਕਿਉਂ?

ਬਿਹਾਰ 'ਚ ਅੱਜ ਖੇਤ ਮਜ਼ਦੂਰ ਅਤੇ ਗਰੀਬ ਕਿਸਾਨ ਅਣਮਨੁੱਖੀ ਜ਼ਿੰਦਗੀ ਜਿਉਂ ਰਹੇ ਹਨ। ਖੇਤ ਮਜ਼ਦੂਰਾਂ ਨੂੰ ਘੱਟੋ ਘੱਟ ਨੀਅਤ ਦਿਹਾੜੀ ਵੀ ਬਿਹਾਰ ਦੇ ਕਿਸੇ ਜ਼ਿਲੇ ਵਿਚ ਨਹੀਂ ਮਿਲਦੀ। ਜ਼ਮੀਨੀ ਸੁਧਾਰ ਬੱਸ ਕਿਤਾਬਾਂ ਤਕ ਹੀ ਸੀਮਿਤ ਰਹਿ ਗਏ ਹਨ ਜਦੋਂ ਕਿ ਦੂਜੇ ਪਾਸੇ ਪੇਂਡੂ ਗ਼ਰੀਬਾਂ ਨੂੰ ਜਗੀਰਦਾਰੀ ਪ੍ਰਬੰਧ ਦੇ ਰਾਜਸੀ ਸਮਾਜਕ ਅਤੇ ਸਭਿਆਚਾਰਕ ਜ਼ਬਰ ਦਾ ਵੀ ਸ਼ਿਕਾਰ ਹੋਣਾ ਪੈ ਰਿਹਾ ਹੈ। ਇਹ ਲੁਟੇਰੇ ਤੇ ਗੈਰ ਜਮਹੂਰੀ ਪ੍ਰਬੰਧ ਦੀਆਂ ਚੰਦਾਂ ਨੂੰ ਕੱਟਣ ਵਾਸ਼ਤੇ ਪਿਛਲੇ ਲੰਮੇਂ ਸਮੇਂ ਤੋਂ ਬਿਹਾਰ ਦੇ ਗਰੀਬ ਮਜ਼ਦੂਰ ਅਤੇ ਕਿਸਾਨ, ਕਿਸਾਨ ਜਥੇਬੰਦੀਆਂ ਵਿਚ ਇੱਕਠੇ ਹੋ ਕੇ ਰੋਟੀ, ਜ਼ਮੀਨ ਅਤੇ ਜ਼ਮਹੂਰੀਅਤ ਵਾਸਤੇ ਲੜ ਰਹੇ ਹਨ। ਇਹ ਲਹਿਰ ਬਿਹਾਰ ਦੇ ਪਟਨਾ, ਗਯਾ, ਨਾਲੰਦਾ, ਭੋਗਪੁਰ, ਰੋਹਤਾਸ, ਔਰੰਗਾਬਾਦ ਅਤੇ ਖਲਮੂ ਆਦਿ ਜ਼ਿਲ੍ਹਿਆਂ 'ਚ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਰਹੀ ਹੈ। ਇਹਨਾਂ ਜਥੇਬੰਦੀਆਂ ਨੇ ਜਗੀਰਦਾਰਾਂ ਅਤੇ ਉਹਨਾਂ ਦੇ ਗੁੰਡਿਆਂ, ਜਿਨ੍ਹਾਂ ਨੂੰ ਸਰਕਾਰ ਦੀ ਸਰਪ੍ਰਸਤੀ ਮਿਲੀ ਹੋਈ ਹੈ, ਦਾ ਜੀਣਾ ਹਰਾਮ ਕਰ ਦਿੱਤਾ ਹੈ।

ਲਗਦਾ ਹੈ ਜਿਵੇਂ ਬਿਹਾਰ ਦੀ ਕਾਂਗਰਸ ਸਰਕਾਰ ਤੇ ਜਗੀਰਦਾਰ ਪੇਂਡੂ ਗਰੀਬਾਂ ਦੇ ਏਕੇ ਅਤੇ ਗੁੱਸੇ ਤੋਂ ਡਰ ਕੇ ਹੜਬੜਾ ਉਠੇ ਹਨ। ਕਦੇ ਇਹ ਦੋਸ਼ ਲਾਉਂਦੇ ਹਨ ਕਿ ਇਹ ਜਥੇਬੰਦੀਆਂ ਅੱਤਵਾਦੀ ਹਨ। ਕਦੇ ਕਹਿੰਦੇ ਹਨ ਕਿ ਇਹ ਜਥੇਬੰਦੀਆਂ ਆਪਣੀ ਸਮਾਨਅੰਤਰ ਸਰਕਾਰ ਚਲਾ ਰਹੀਆਂ ਹਨ। ਚਾਰ ਸਾਲ ਪਹਿਲਾਂ ਕਿਸਾਨ ਸਭਾ ਤੇ ਇਹੋ ਦੋਸ਼ ਲਾਕੇ ਪਟਨੇ ਜ਼ਿਲੇ 'ਚ ਅਥਾਹ ਜਬਰ ਕੀਤਾ ਗਿਆ। ਅਤੇ ਹੁਣ ਇਹੋ ਦੋਸ਼ ਮਜ਼ਦੂਰ ਕਿਸਾਨ ਸੰਗਰਾਮ ਸੰਮਤੀ ਬਿਹਾਰ ਤੇ ਲਾਇਆ ਗਿਆ ਹੈ ਅਤੇ ਉਸ ਉਤੇ ਜਬਰ ਜਾਰੀ ਹੈ। ਅਪ੍ਰੈਲ ਦੇ ਮਹੀਨੇ 'ਚ ਹੀ ਲੋਰਿਕ ਸੈਨਾ, ਜਿਸਦਾ ਕਮਾਂਡਰ ਗੁੰਡਾ ਰਾਮਾਨੰਦ ਯਾਦਵ ਹੈ, ਨੇ ਪਾਲੀਗੰਜ ਵਿਚ ਐਮ.ਕੇ.ਐਸ.ਐਸ ਦੇ 10 ਕਾਰਕੁੰਨਾ ਨੂੰ ਮੌਤ ਦੇ ਘਾਟ ਉਤਾਰ ਦਿਤਾ ਸੀ। ਅਤੇ ਬਰਾਹਮਰਿਸ਼ੀ ਸੈਨਾ ਨੇ 4 ਭੋਲੇ ਭਾਲੇ ਭੀੜੀ ਮਜ਼ਦੂਰਾਂ ਨੂੰ ਮਾਰ ਦਿਤਾ ਸੀ। ਬਿਹਾਰ 'ਚ ਜਗੀਰੂ ਜੱਬਰ ਦੀ ਇਹ ਤਸਵੀਰ ਹਰ ਜਮਹੂਰੀਅਤਪ੍ਰਸਤ ਵਾਸਤੇ ਇਕ ਵੰਗਾਰ ਹੈ।

ਅਰਵਲ ਦੇ ਕਤਲੇਆਮ ਦੇ ਬਾਅਦ ਬਿਹਾਰ ਦੇ ਗ੍ਰਹਿ ਕਮਿਸ਼ਨਰ ਅਤੇ ਡਾਇਰੈਕਟਰ ਜਨਰਲ ਪੁਲਿਸ ਨੇ ਬੜੀ ਬੇਸ਼ਰਮੀ ਨਾਲ ਪ੍ਰੈਸ ਨੂੰ ਇਕ ਝੂਠਾ ਬਿਆਨ ਦਿਤਾ ਕਿ ਐਮ.ਕੇ.ਐਸ.ਐਸ. ਦੇ ਕਾਰਕੁਨਾਂ ਨੇ ਅਰਵਲ ਥਾਣੇ ਨੂੰ ਘੇਰ ਲਿਆ ਸੀ ਅਤੇ ਐਸ.ਪੀ. ਉਤੇ ਜਾਨ ਲੇਵਾ ਹਮਲਾ ਕਰ ਦਿੱਤਾ ਸੀ। ਪੁਲਸ ਨੂੰ ਗੋਲੀ ਚਲਾਉਣੀ ਪਈ ਜਿਸ ਨਾਲ 20 ਆਦਮੀ ਮਾਰੇ ਗਏ। 17 ਪੁਲਸ ਮੁਲਾਜ਼ਮ ਜ਼ਖਮੀ ਹੋ ਗਏ ਜਦੋਂ ਪੁਛਿਆ ਗਿਆ ਕਿ ਜ਼ਖਮੀ ਕਿਥੇ ਹਨ, ਕੋਈ ਜਵਾਬ ਨਹੀਂ ਸੀ।

## ਵਿਰੋਧੀ ਪਾਰਟੀਆਂ ਦੀ ਭੂਮਿਕਾ

ਅਰਵਲ ਕਤਲੇਆਮ ਨੂੰ ਲੈ ਕੇ ਬਿਹਾਰ ਦੀਆਂ ਵਿਰੋਧੀ ਪਾਰਟੀਆਂ ਸੀ.ਪੀ.ਆਈ. ਜਨਤਾ ਪਾਰਟੀ, ਲੋਕ ਦਲ ਵਗੈਰਾ ਨੇ ਵਡੀ ਪੱਥਰ ਤੇ ਦੂਥੇ ਸਰਕਾਰ ਦਾ ਪਰਦਾਫਾਸ਼ ਕੀਤਾ ਹੈ ਅਤੇ ਉਸਦੀ ਨਿੰਦਾ ਕੀਤੀ ਹੈ। ਇਹਨਾਂ ਪਾਰਟੀਆਂ ਨੇ ਆਪਣੇ ਡੇਪੂਟੇਸ਼ਨ ਘਟਨਾ ਸਥਾਨ ਤੇ ਭੇਜ ਕੇ, ਪ੍ਰੈਸ 'ਚ ਇਸ ਕਤਲਗਾਰਦ ਦੀ ਨਿੰਦਾ ਕਰਕੇ ਅਤੇ ਬਹੁਪਾਰਟੀ ਜਾਂਚ ਦੀ ਮੰਗ ਕਰਕੇ ਲੋਕਾਂ ਦੇ ਪੱਖ ਵਿਚ ਅਵਾਜ਼ ਉਠਾਈ ਹੈ। ਅਤੇ ਹੁਣ ਇਹ ਪਾਰਟੀਆਂ ਅਤੇ ਫਾਰਵਰਡ ਬਲਾਕ, ਆਰ.ਐਸ.ਪੀ.ਆਈ. ਪੀ.ਐਫ. ਅਤੇ ਹੋਰ ਜਥੇਬੰਦੀਆਂ ਦਮਨ ਵਿਰੋਧੀ ਮੋਰਚਾ ਬਣਾਕੇ ਇਸ ਕਤਲਆਮ ਦੇ ਜ਼ੁਮੇਵਾਰ ਅਧਿਕਾਰੀਆਂ ਨੂੰ ਸਜ਼ਾਵਾਂ ਦਵਾਉਣ, ਜਬਰ ਦੇ ਸ਼ਿਕਾਰ ਪਰਵਾਰਾਂ ਨੂੰ ਪੂਰਾ ਪੂਰਾ ਮੁਆਵਜ਼ਾ ਦਵਾਉਣ ਅਤੇ ਲੋਕਾਂ ਦੇ ਹੌਸਲਾ ਬੁਲੰਦ ਰਖਣ ਲਈ ਕਾਰਵਾਈਆਂ ਕਰਨ ਵਿਚ ਸਰਗਰਮ ਹਨ।

ਅਸੀਂ ਸਭ ਇਨਕਲਾਬੀ ਜਥੇਬੰਦੀਆਂ, ਜਨਤਕ ਜਥੇਬੰਦੀਆਂ, ਜਮਹੂਰੀਅਤ ਪਰਸਤਾ ਅਤੇ ਸਭ ਜਨਤਕ ਪੇਪਰਾਂ ਨੂੰ ਅਪੀਲ ਕਰਦੇ ਹਾਂ ਕਿ ਅਰਵਲ ਕਤਲੇਆਮ ਦੀ ਨਿਖੇਧੀ ਕਰਨ। ਇਸ ਫਾਸ਼ੀ ਜਗੀਰੂ ਜਬਰ ਦਾ ਲੋਕਾਂ ਵਿਚ ਪਰਦਾਫਾਸ਼ ਕਰਨ। ਇਸ ਬਾਰੇ ਪ੍ਰਚਾਰ ਅਤੇ ਅਮਲੀ ਕਾਰਵਾਈਆਂ ਕੀਤੀਆਂ ਜਾਣ। ਭਾਰਤੀ ਲੋਕਾਂ ਦੇ ਹਿੱਤ ਸਾਂਝੇ ਹਨ ਤੇ ਦੁਸ਼ਮਣ ਵੀ ਸਾਂਝੇ ਹਨ। ਸਾਨੂੰ ਸਭ ਨੂੰ ਅਰਵਲ (ਜ਼ਹਾਨਾਬਾਦ) ਦੇ ਲੋਕਾਂ ਨਾਲ ਇਕਜੁਟਤਾ ਦਰਸਾਉਣ ਅਤੇ ਸਾਂਝੇ ਦੁਸਮਣ ਨੂੰ ਨਿਸ਼ਾਨਾ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਣੀ ਚਾਹੀਦੀ। ਬਿਹਾਰ ਦੀ ਇਨਕਲਾਬੀ ਜ਼ਰਈ ਲਹਿਰ ਨੂੰ ਸਾਨੂੰ ਫੌਰੀ ਸਹਾਇਤਾ ਅਤੇ ਮਦਦ ਦੇਣੀ ਚਾਹੀਦੀ ਹੈ। ਆਉ ਅਸੀਂ ਸਭ ਮਿਲਕੇ ਆਪਣੇ ਇਨਕਲਾਬੀ ਫਰਜ਼ ਨੂੰ ਪੂਰਾ ਕਰੀਏ।

ਬਿਹਾਰ ਦੀ ਜ਼ਰਈ ਲਹਿਰ........ਜ਼ਿੰਦਾਬਾਦ। ਅਰਵਲ ਦੇ ਸ਼ਹੀਦ..........ਜ਼ਿੰਦਾਬਾਦ॥ ਬਿਹਾਰ ਸਰਕਾਰ ਦੀ ਦਹਿਸ਼ਤ ਗਰਦੀ......ਮੁਰਦਾਬਾਦ॥।

ਵਲੋਂ :

**ਮਾਰਕਸੀ ਵਿਚਾਰ ਮੰਚ**

ਪਟਿਆਲਾ।

(ਇਕ ਰੀਪੋਰਟ)

# ਮੇਹਨਤਕਸ਼ ਲੋਕਾਂ ਦਾ ਸਭਿਆਚਾਰ ਵਿਸ਼ਵ ਸਭਿਆਚਾਰ ਦਾ ਦਰਜਾ ਰਖਦਾ ਹੈ

26 ਅਪ੍ਰੈਲ ਤੋਂ 3 ਮਈ ਤੱਕ ਅਮ੍ਰਿਤਸਰ ਨਾਟਕ-ਕਲਾ ਕੇਂਦਰ ਦੇ ਕਲਾਕਾਰਾਂ ਵਲੋਂ ਬਿਹਾਰ ਦੇ ਵੱਖ ਵੱਖ ਥਾਵਾਂ ਤੇ ਸਭਿਆਚਾਰਕ ਪ੍ਰੋਗਰਾਮ ਕੀਤੇ ਗਏ। ਇਹ ਪ੍ਰੋਗਰਾਮ ਭਾਰਤ ਭਰ ਵਿਚ ਕੰਮ ਕਰ ਰਹੀ ਸਭਿਆਚਾਰਕ ਕਾਮਿਆਂ ਦੀ ਸੰਸਥਾ ਜਨ ਸੰਸਕ੍ਰਿਤੀ ਮੰਚ ਦੀ ਬਿਹਾਰ ਇਕਾਈ ਦੇ ਸੱਦੇ ਤੇ ਕੀਤੇ ਗਏ। ਅਮ੍ਰਿਤਸਰ ਨਾਟਕ-ਕਲਾ ਕੇਂਦਰ ਜਨ ਸੰਸਕ੍ਰਿਤੀ ਮੰਚ ਦੀ ਇਕ ਇਕਾਈ ਹੈ। ਇਹਨਾਂ ਪ੍ਰੋਗਰਾਮਾਂ ਬਾਰੇ ਕਲਾਕਾਰਾਂ ਦੇ ਕੁਝ ਪ੍ਰਭਾਵ ਇਸ ਰੀਪੋਰਟ ਵਿਚ ਸਮਤਾ ਦੇ ਪਾਠਕਾਂ ਨਾਲ ਸਾਂਝੇ ਕੀਤੇ ਗਏ ਹਨ।

ਸੰਪਾਦਕ

17-18 ਮਾਰਚ ਜਦੋਂ ਜਨ ਸੰਸਕ੍ਰਿਤੀ ਮੰਚ ਦੀ ਰਾਸ਼ਟਰੀ ਕਾਰਜ ਕਮੇਟੀ ਦੀ ਮੀਟਿੰਗ ਲਖਨਊ ਹੋ ਰਹੀ ਸੀ ਤਾਂ ਬਿਹਾਰ ਤੋਂ ਆਏ ਕੁਝ ਸਾਥੀਆਂ ਨੇ ਇਹ ਚਾਹ ਜ਼ਾਹਰ ਕੀਤੀ ਕਿ ਅਸੀਂ ਪਹਿਲੀ ਮਈ ਦੇ ਆਲੇ ਦੁਆਲੇ ਬਿਹਾਰ ਦੇ ਵੱਖ ਵੱਖ ਸ਼ਹਿਰਾਂ ਵਿਚ ਆਪਣਾ ਪ੍ਰੋਗਰਾਮ ਕਰੀਏ। ਭਾਜੀ ਗੁਰਸ਼ਰਨ ਸਿੰਘ ਜਿਹੜੇ ਜਨ ਸੰਸਕ੍ਰਿਤੀ ਮੰਚ ਦੇ ਆਲ ਇੰਡੀਆ ਪ੍ਰਧਾਨ ਹਨ ਉਹਨਾਂ ਨੇ ਇਸ ਸੱਦੇ ਨੂੰ ਸਵੀਕਾਰ ਕੀਤਾ। ਇਸ ਤੋਂ ਪਹਿਲਾਂ ਅਸੀਂ 6 ਅਪ੍ਰੈਲ ਤੋਂ 15 ਅਪ੍ਰੈਲ ਤੱਕ ਯੂ. ਪੀ. ਦੇ ਤਰਾਈ ਇਲਾਕੇ ਵਿਚ ਸ਼ਾਹਜਹਾਂਪੁਰ, ਨੈਨੀਤਾਲ ਆਦਿ ਵਿਚ ਪ੍ਰੋਗਰਾਮ ਕਰਨ ਤੋਂ ਬਾਅਦ ਲਖਨਊ ਪੁੱਜੇ ਸਾਂ। ਭਾਜੀ ਸਾਨੂੰ ਲਖਨਊ ਹੀ ਮਿਲੇ ਸਨ। ਯੂ. ਪੀ. ਵਿਚ ਅਤੇ ਲਖਨਊ ਸ਼ਹਿਰ ਵਿਚ ਸਾਡੇ ਸਭਿਆਚਾਰਕ ਪ੍ਰੋਗਰਾਮਾਂ ਦੀ ਵਿਸ਼ੇਸ਼ ਕਰਕੇ ਨੁੱਕਰ ਨਾਟਕਾਂ ਅਤੇ ਇਨਕਲਾਬੀ ਐਕਸ਼ਨ ਗੀਤਾਂ ਦੀ ਬੜੀ ਚਰਚਾ ਹੈ। ਪੰਜਾਬ ਤੋਂ ਬਾਹਰ ਇਹ ਪ੍ਰੋਗਰਾਮ ਅਸੀਂ ਹਿੰਦੁਸਤਾਨੀ ਜ਼ਬਾਨ ਵਿਚ ਹੀ ਕਰਦੇ ਹਾਂ। ਜਗਮੋਹਨ ਜੋਸ਼ੀ ਅਤੇ ਫ਼ੈਜ਼ ਦੇ ਗੀਤਾਂ ਨੂੰ ਜਿਸ ਤਰ੍ਹਾਂ ਅਸੀਂ ਡਰਾਮਈ ਤਰੀਕੇ ਨਾਲ ਐਕਸ਼ਨਾਂ ਵਿਚ ਕਰਦੇ ਹਾਂ, ਉਹਨਾਂ ਨੇ ਸਾਡੇ ਟਰੂਪ ਨੂੰ ਹਿੰਦੀ ਬੋਲਦੇ ਸੂਬਿਆਂ ਵਿਚ ਬੜਾ ਹਰਮਨਪਿਆਰਾ ਬਣਾ ਦਿੱਤਾ ਹੈ। ਇਹ ਤਜਰਬਾ ਸਾਨੂੰ ਭੂਪਾਲ ਵਿਚ ਵੀ ਹੋਇਆ ਸੀ ਜਦੋਂ ਭੂਪਾਲ ਗੈਸ ਕਾਂਡ ਦੀ ਪਹਿਲੀ ਬਰਸੀ ਤੇ ਭੂਪਾਲ ਗਏ ਸਾਂ। ਬਿਹਾਰ ਲਈ ਸੱਦਾ ਵੀ ਸਾਡੀ ਯੂ. ਪੀ. ਵਿਚ ਤੇ ਖਾਸ ਕਰਕੇ ਲਖਨਊ ਦੀਆਂ ਗਲੀਆਂ ਅਤੇ ਫੈਕਟਰੀ ਗੇਟਾਂ ਦੇ ਸਾਹਮਣੇ ਸਾਡੀਆਂ ਪੇਸ਼ਕਾਰੀਆਂ ਦੀ ਪ੍ਰਸਿਧਤਾ ਕਰਕੇ ਹੀ ਸੀ।

ਅਸੀਂ 26 ਅਪ੍ਰੈਲ ਅਮ੍ਰਿਤਸਰ ਤੋਂ ਚਲ ਕੇ 27 ਅਪ੍ਰੈਲ ਬਿਹਾਰ ਦੇ ਸ਼ਹਿਰ ਬਕਸਰ ਵਿਚ ਪੁੱਜੇ ਜੋ ਜ਼ਿਲਾ ਭੋਜਪੁਰ ਵਿਚ ਆਂਦਾ ਹੈ। ਗੱਡੀ ਦੋ ਘੰਟੇ ਲੇਟ ਸੀ। ਇਸ ਕਰਕੇ 7-30 ਵਜੇ ਸ਼ਾਮ ਦੀ ਥਾਂ ਉਹ 9-30 ਵਜੇ ਰਾਤ ਪੁੱਜੀ। ਭਾਜੀ ਨੇ ਸਾਡੇ ਨਾਲ ਆਉਣਾ ਸੀ ਪਰ ਆਖ਼ਰੀ ਵੇਲੇ ਕੁਝ ਸਿਹਤ ਢਿੱਲੀ ਹੋਣ ਕਰਕੇ ਤੇ ਕੁਝ ਹੋਰ ਜ਼ਰੂਰੀ ਕੰਮ ਕਰਕੇ ਉਹ ਨਾਲ ਨਾ ਆਏ। ਕੋਈ 150 ਦੇ ਕਰੀਬ ਲੋਕ ਸਟੇਸ਼ਨ ਤੇ ਸਾਨੂੰ ਲੈਣ ਆਏ ਸਨ। ਭਾਜੀ ਨੂੰ ਸਾਡੇ ਵਿਚ ਨਾ ਵੇਖ ਕੇ ਉਹਨਾਂ ਨੂੰ ਮਾਯੂਸੀ ਤਾਂ ਜ਼ਰੂਰ ਹੋਈ ਪਰ ਫੇਰ ਵੀ ਇਸ ਗੱਲ ਨੇ ਉਹਨਾਂ ਦੇ ਸਵਾਗਤੀ ਪ੍ਰੋਗਰਾਮ ਵਿਚ ਕੋਈ ਵਿਘਨ ਨਾ ਪਾਇਆ ਉਹਨਾਂ ਨੇ ਸਾਨੂੰ ਹਾਰਾਂ ਨਾਲ ਲੱਦ ਦਿੱਤਾ। ਸਮਾਗਮ ਵਾਲੀ ਥਾਂ ਕੋਈ ਡੇਢ ਕਿਲੋ ਮੀਟਰ ਦੂਰ ਸੀ। ਉਥੇ ਸਾਨੂੰ ਜਲੂਸ ਦੀ ਸ਼ਕਲ ਵਿਚ ਲਿਜਾਇਆ ਗਿਆ। ਰਸਤੇ ਵਿਚ ਸੱਤ ਸਵਾਗਤੀ ਗੇਟ ਉਸਾਰੇ ਗਏ ਸਨ। ਜਿਨ੍ਹਾਂ ਉਤੇ ਜਨ ਸੰਸਕ੍ਰਿਤੀ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ ਗੁਰਸ਼ਰਨ ਸਿੰਘ ਜ਼ਿੰਦਾਬਾਦ (ਜਨ ਸੰਸਕ੍ਰਿਤੀ ਮੰਚ ਪ੍ਰਧਾਨ ਦੇ ਨਾਤੇ) ਆਦਿਕ ਨਾਅਰੇ ਲਿਖੇ ਸਨ। ਸਾਡੇ ਕਲਾਕਾਰ ਪੰਡਤ ਜੀ (ਕ੍ਰਿਸ਼ਨ ਦਵੇਦਰ ਜੋ ਜਨ ਸੰਸਕ੍ਰਿਤੀ ਮੰਚ ਦੀ ਰਾਸ਼ਟਰੀ ਕਮੇਟੀ ਦੇ ਮੈਂਬਰ ਹਨ) ਨੇ ਨਗਾਰੇ ਤੇ ਚੋਟ ਲਗਾਕੇ ਸਾਰੇ ਜਲੂਸ ਨੂੰ ਇਕ ਬੜਾ ਹੀ ਖਾੜਕੂ ਰੰਗ ਦਿੱਤਾ। ਡੇਢ ਕਿਲੋ ਮੀਟਰ ਦੇ ਇਸ ਫਾਸਲੇ ਵਿਚ ਕਈ ਥਾਂ ਅਸੀਂ ਚੌਕਾਂ ਵਿਚ ਖਲੋ ਕੇ ਗੀਤ ਗਾਏ। ਜਗਮੋਹਨ ਜੋਸ਼ੀ ਦਾ ਗੀਤ "ਐ ਲਾਲ ਫਰੇਰੇ ਤੇਰੀ ਕਸਮ ਇਸ ਖੂਨ ਕਾ ਬਦਲਾ ਹਮ ਲੇਂਗੇ" ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਕਿਉਂਕਿ ਲੋਕਾਂ ਵਿਚ ਇਕ ਹਫਤਾ ਪਹਿਲੇ 19 ਅਪ੍ਰੈਲ ਨੂੰ ਹੋਏ ਬਿਹਾਰ ਦੇ ਗਯਾ ਜ਼ਿਲੇ ਵਿਚ ਅਰਵਲ ਕਾਂਡ (ਜਿਸਨੂੰ ਜਲਿਆਂ ਵਾਲਾ ਬਾਗ ਦੇ ਸਾਕੇ ਨਾਲ ਤੁਲਣਾ ਦਿਤੀ ਜਾਂਦੀ ਹੈ) ਦੇ ਕਾਰਨ ਬੜਾ ਹੀ ਰੋਹ ਸੀ। ਬਕਸਰ ਦੇ ਸਾਰੇ ਲੋਕ ਸੜਕ ਤੇ ਖਲੋਤੇ ਸਨ ਉਹ ਇਹਨਾਂ ਪੁਗੜੀਆਂ ਵਾਲੇ ਕਲਾਕਾਰਾਂ ਦਾ ਇਨਕਲਾਬੀ ਜੋਸ਼ ਵੇਖ ਕੇ ਹੈਰਾਨ ਸਨ। ਪਗੜੀ ਵਾਲੇ ਸਿਖਾਂ ਬਾਰੇ ਨੈਸ਼ਨਲ ਪ੍ਰੈਸ ਦੀ ਮਿਹਰਬਾਨੀ ਕਰਕੇ ਬਾਕੀ ਭਾਰਤ ਵਿਚ ਇਹੀ ਪ੍ਰਭਾਵ ਪਾਇਆ ਜਾਂਦਾ ਹੈ, ਕਿ ਇਹ ਕੋਈ ਬੜੇ ਕੱਟੜ ਕਿਸਮ ਦੇ ਧਰਮਕ ਬੰਦੇ ਹਨ ਤੇ ਇਹਨਾਂ ਦਾ ਬਾਕੀ ਭਾਰਤ ਦੇ ਲੋਕਾਂ ਨਾਲ ਕੋਈ ਸਰੋਕਾਰ ਨਹੀਂ। ਸਾਨੂੰ ਇਸ ਗੱਲ ਦਾ ਮਾਨ ਹੋ ਰਿਹਾ ਸੀ ਕਿ ਅਸੀਂ ਪੰਜਾਬ ਦੀ ਇਨਕਲਾਬੀ ਕਲਚਰ ਦੀ ਨੁਮਾਇੰਦਗੀ ਕਰ ਰਹੇ

ਹਾਂ। ਅਸੀਂ ਸਫਰ ਦੇ ਥੱਕੇ ਹੋਏ ਸਾਂ, ਗਰਮੀ ਵੀ ਬੜੀ ਸੀ ਪਰ ਜਿਸ ਜੋਸ਼ ਨਾਲ ਸਾਰੀ ਕਾਰਵਾਈ ਚਲ ਰਹੀ ਸੀ, ਉਸ ਵਿਚ ਥਕਾਵਟ ਜਾਂ ਗਰਮੀ ਕੀ ਅਸਰ ਰਖਦੀ ਹੈ ?

ਬਕਸਰ ਤੋਂ ਬਾਅਦ ਅਗਲੇ ਦਿਨ ਪ੍ਰੋਗਰਾਮ ਆਮ ਸ਼ਹਿਰ ਵਿਚ ਸੀ। ਇਥੇ ਪ੍ਰੋਗਰਾਮ ਪਹਿਲੇ ਨੁਕਰ ਨਾਟਕ ਦੀ ਸ਼ਕਲ ਵਿਚ ਜ਼ਿਲਾ ਕਚੈਹਰੀਆਂ ਕੀਤਾ ਗਿਆ। ਤੇ ਫੇਰ ਸ਼ਾਮ ਨੂੰ ਇਕ ਖੁਲ੍ਹੇ ਮੈਦਾਨ ਵਿਚ 10 ਹਜ਼ਾਰ ਦੀ ਗਿਣਤੀ ਦੇ ਲੋਕਾਂ ਸਾਹਮਣੇ ਕੀਤਾ ਗਿਆ। ਮਈ ਦਿਨ ਦੇ ਪ੍ਰੋਗਰਾਮ ਧਨਬਾਦ ਤੇ ਬੈਰੋਨੀ ਦੇ ਮਜ਼ਦੂਰ ਕੇਂਦਰਾਂ ਵਿਚ ਹੋਣੇ ਮਿਥੇ ਹੋਏ ਸਨ। ਅਸੀਂ ਮਹਿਸੂਸ ਕੀਤਾ ਕਿ ਇਸ ਅਵਸਰ ਤੇ ਮਈ ਦਿਨ ਦੇ ਸ਼ਹੀਦਾਂ ਨੂੰ ਸਰਧਾਂਜਲੀ ਵਜੋਂ ਵੀ ਇਕ ਗੀਤ ਜ਼ਰੂਰ ਹੋਣਾ ਚਾਹੀਦਾ ਹੈ। ਅਸੀਂ ਸਾਰਿਆਂ ਨੇ ਰਲਕੇ ਸੁਤਵਿੰਦਰ ਸੋਨੀ ਵਲੋਂ ਦਿਤੇ ਗਏ ਗੀਤ ਦੇ ਮੁੱਢਲੇ ਬੋਲ 'ਮਈ ਦਿਵਸ ਦੇ ਸ਼ਹੀਦੋ, ਐ ਜਾਂਬਾਜ਼ੋ ਤੁਮ੍ਹੇ ਲਾਲ ਸਲਾਮ' ਨੂੰ ਇਕ ਮੁਕੰਮਲ ਗੀਤ ਬਣਾਇਆ। ਤੇ ਪਰਮਜੀਤ ਸਿੰਘ ਨੇ ਨਾਲ ਨਾਲ ਇਸਨੂੰ ਸੁਰਬੰਦ ਕੀਤਾ। ਕਿਉਂਕਿ ਇਹ ਗੀਤ ਮੌਕੇ ਦਾ ਗੀਤ ਸੀ ਇਸਨੂੰ ਧੰਨਬਾਦ, ਬੈਰੋਨੀ ਅਤੇ ਫੇਰ ਪਟਨਾ ਵਿਚ ਬੜੀ ਹੀ ਮਾਨਤਾ ਮਿਲੀ। ਫਸਮੈਸ਼ ਆਉਣ ਤੇ ਇਹ ਗੀਤ ਵਾਰ ਵਾਰ ਗਾਇਆ ਗਿਆ। ਇਕ ਰਾਤ ਅਸੀਂ ਧਨਬਾਦ ਕੋਲਾ ਖਾਨਾਂ ਦੇ ਇਨਕਲਾਬੀ ਸਭਿਆਚਾਰਕ ਪ੍ਰੋਗਰਾਮ ਵਿਚ ਵੀ ਸ਼ਾਮਿਲ ਹੋਏ। ਮਜ਼ਦੂਰਾਂ ਦੇ ਇਸ ਕੇਂਦਰ ਵਿਚ ਹਰ ਸਾਲ ਸ਼ਹੀਦ ਭਗਤ ਸਿੰਘ ਤੇ ਹੋਰ ਸ਼ਹੀਦਾਂ ਦੀ ਯਾਦ ਵਿਚ ਤਿੰਨ ਦਿਨ ਤੇ ਤਿੰਨ ਰਾਤਾਂ ਦਾ ਮੈਲਾ ਲਗਦਾ ਹੈ। ਇਕ ਰਾਤ ਸਾਨੂੰ ਦਿਤੀ ਗਈ। ਆਪਣੇ ਆਪ ਵਿਚ ਇਹ ਇਕ ਯਾਦਗਾਰੀ ਸਮਾਗਮ ਸੀ। ਬਿਹਾਰ ਵਿਚ ਸਾਡਾ ਇਹ ਸਭਿਆਚਾਰਕ ਟੂਰ ਉਸ ਜਮਾਤੀ ਸਾਂਝ ਦਾ ਪ੍ਰਤੀਕ ਸੀ, ਜੋ ਇਲਾਕਿਆਂ ਜਾਂ ਦੇਸ਼ਾਂ ਦੇ ਹੱਦਾਂ ਬੰਨਿਆਂ ਨੂੰ ਸਵੀਕਾਰ ਨਹੀਂ ਕਰਦੀ। ਇਹ ਸਾਂਝ ਸਾਨੂੰ ਵਿਸ਼ਵਾਸ ਦੇਂਦੀ ਹੈ ਕਿ ਆਉਣ ਵਾਲਾ ਸਮਾਂ ਮਜ਼ਦੂਰ ਜਮਾਤ ਦੀ ਸਿਆਸਤ ਦਾ ਸਮਾਂ ਹੋਵੇਗਾ। ਗੀਤ ਗਾਂਦੇ ਗਾਂਦੇ ਬਹੁਤੀ ਵਾਰ ਭੀੜ ਜੋਸ਼ ਵਿਚ ਸਾਡੇ ਬੋਲਾਂ ਨਾਲ ਆਪਣੇ ਬੋਲ ਮਿਲਾਂਦੀ ਸੀ। ਸਾਡੇ ਲਈ ਇਹ ਟੂਰ ਯਾਦਗਾਰੀ ਸੀ। ਭਾਅ ਜੀ ਦੀ ਅਗਵਾਈ ਸਾਡੇ ਨਾਲ ਨਹੀਂ ਸੀ ਪਰ ਫੇਰ ਵੀ ਉਹਨਾਂ ਦਾ ਨਾਂ, ਜਿਹੜਾ ਬਿਹਾਰ ਦੇ ਸਭਿਅਚਾਰਕ ਹਲਕਿਆਂ ਵਿਚ ਉਸੇ ਤਰ੍ਹਾਂ ਜਾਣਿਆ ਜਾਂਦਾ ਹੈ, ਜਿਸ ਤਰ੍ਹਾਂ ਪੰਜਾਬ ਵਿਚ ਜਾਣਿਆਂ ਜਾਂਦਾ ਹੈ, ਸਾਡੇ ਮਾਨ ਨੂੰ ਵਧਾਂਦਾ ਸੀ ਕਿ ਅਸੀਂ ਉਹਨਾਂ ਦੇ ਨੁਮਾਂ-ਇਦੇ ਹਾਂ, ਅਸੀਂ ਹਰ ਯਤਨ ਕੀਤਾ ਕਿ ਉਹਨਾਂ ਦੇ ਇਸ ਮਾਨ ਨੂੰ ਹਰ ਥਾਂ ਹੋਰ ਵਧਾਈਏ। ਸਮੁੱਚੇ ਭਾਰਤ ਦੇ ਇਨਕਲਾਬੀ ਸਭਿਆਚਾਰ ਦੇ ਵਿਕਾਸ ਵਿਚ ਪੰਜਾਬ ਦੇ ਕਲਾਕਾਰਾਂ ਦੀ ਵਿਸ਼ੇਸ਼ ਦੇਣ ਹਰ ਥਾਂ ਸਵੀਕਾਰ ਕੀਤੀ ਜਾਂਦੀ ਹੈ, ਇਹ ਸਾਨੂੰ ਪ੍ਰੇਰਣਾ ਵੀ ਦੇਂਦੀ ਹੈ ਕਿ ਅਸੀਂ ਇਸ ਖੇਤ੍ਰ ਵਿਚ ਹੋਰ ਮੇਹਨਤ ਕਰੀਏ। ਇਨਕਲਾਬੀ ਸਭਿਆਚਾਰ ਦੀਆਂ ਜੜ੍ਹਾਂ ਮੇਹਨਤਕਸ਼ ਜਮਾਤ ਵਿਚ ਹਨ, ਇਹ ਜਮਾਤ ਦੁਨੀਆਂ ਭਰ ਵਿਚ ਸਾਂਝੀ ਹੈ ਅਤੇ ਇਸ ਲਈ ਇਹ ਸਭਿਆਚਾਰ ਹਰ ਥਾਂ ਸਾਂਝਾ ਹੈ ਅਤੇ ਇਹ ਵਿਸ਼ਵ ਸਭਿਆਚਾਰ ਦਾ ਦਰਜਾ ਰਖਦਾ ਹੈ।

o

---


## ਪੰਜਾਬ ਲੋਕ ਸਭਿਆਚਾਰਕ ਮੰਚ ਦਾ ਤ੍ਰੈਮਾਸਕ ਸਾਹਿਤਕ ਪਰਚਾ 'ਸਰਦਲ' ਜੋ

3 ਅਗਸਤ ਪਲਸ ਮੰਚ ਦੇ ਸਾਹਿਤਕ ਸਮਾਗਮ ਪੰਜਾਬੀ ਭਵਨ ਲੁਧਿਆਣਾ ਵਿਖੇ ਰੀਲੀਜ਼ ਕੀਤਾ ਜਾ ਰਿਹਾ ਹੈ।

- **ਸਰਦਲ** ਪ੍ਰਤੀਬੱਧ ਲੇਖਕਾਂ ਦਾ ਸਾਹਿਤਕ ਬੁਲਾਰਾ ਹੋਵੇਗਾ।
- **ਸਰਦਲ** ਪੰਜਾਬੀ ਸਾਹਿਤ ਦੀ ਉਹਨਾਂ ਖਾੜਕੂ ਪਰੰਪਰਾਵਾਂ ਨੂੰ ਜੀਂਦਾ ਰਖੇਗਾ, ਜਿਹੜੀਆਂ ਬੁਰਜੂਆਂ ਆਲੋਚਕਾਂ ਵਲੋਂ ਸਾਜ਼ਸ਼ੀ ਢੰਗ ਨਾਲ ਧੁੰਦਲਾਈਆਂ ਗਈਆਂ ਹਨ।
- **ਸਰਦਲ** ਉਸ ਸਾਹਿਤ ਦਾ ਅਕਸ ਹੋਵੇਗਾ ਜੋ ਲੋਕ ਸੰਘਰਸ਼ਾਂ ਵਿਚੋਂ ਜਨਮ ਲੈਂਦਾ ਹੈ
- **ਸਰਦਲ** ਉੱਚੇ ਤੇ ਸੁੱਚੇ ਸਾਹਿਤ ਦਾ ਪ੍ਰਤੀਕ ਹੋਵੇਗਾ
- **ਸਰਦਲ** ਦੀ ਇਕ ਕਾਪੀ ਦੀ ਕੀਮਤ 4/-, ਸਾਲਾਨਾ ਚੰਦਾ ਦੇਸ਼ ਵਿਚ 15/-, ਕੈਨੇਡਾ ਵਿਚ 15 ਕੈਨੇਡੀਅਨ ਡਾਲਰ, ਅਮਰੀਕਾ ਵਿਚ 10 ਅਮਰੀਕੀ ਡਾਲਰ ਅਤੇ ਇੰਗਲੈਂਡ ਵਿਚ 8 ਪੌਂਡ ਹੋਵੇਗਾ।

ਪ੍ਰਬੰਧਕੀ ਪਤਾ : **ਗੁਰਬਖਸ਼ ਜੱਸ**
ਪਿੰਡ ਅਤੇ ਡਾਕਖਾਨਾ ਪੁਰਹੀਰਾਂ, ਜ਼ਿਲਾ ਹੋਸ਼ਿਆਰਪੁਰ

## 1. ਇਕ ਚਿੱਠੀ ਮਾਨਸਾ ਤੋਂ ਤੇ ਉਹਦਾ ਜਵਾਬ

—ਤੁਹਾਡਾ ਸਮਤਾ ਦਾ ਅੰਕ ਅਪ੍ਰੈਲ ਪੜ੍ਹਿਆ' ਜਿਸ ਵਿਚ ਖੁਸ਼ਵੰਤ ਸਿੰਘ ਦੀ ਇੰਟਰਵਿਊ ਛਾਪੀ ਹੈ ਤੇ ਉਸ ਤੋਂ ਪਹਿਲਾਂ ਤੁਸੀਂ ਆਂਪਣੀ ਭੂਮਿਕਾ ਵੀ ਖੁਸ਼ਵੰਤ ਸਿੰਘ ਬਾਰੇ ਵੀ ਲਿਖੀ ਹੈ ਜਿਸ ਵਿਚ ਖੁਸ਼ੀ ਪ੍ਰਗਟ ਕੀਤੀ ਗਈ ਹੈ ਕਿ ਧਰਮ ਲੋਕਾਂ ਦਾ ਨਿਜੀ ਮਸਲਾ ਹੈ ਅਤੇ ਇਸ ਨੂੰ ਸਮਾਜ ਵਿਚ ਦਖਲ ਦੇਣ ਦੀ ਲੋੜ ਨਹੀਂ ਹੈ। ਇਹ ਤਾਂ ਠੀਕ ਹੈ ਪ੍ਰੰਤੂ ਇਕ ਥਾਂ ਤੇ ਸ੍ਰੀ ਖੁਸ਼ਵੰਤ ਸਿੰਘ ਜੀ ਕਹਿੰਦੇ ਹਨ ਇਹ ਰੌਲਾ ਰੱਪਾ, ਕਲੇਸ਼ ਤੇ ਆਤੰਕਵਾਦ ਤੇ ਹੋਰ ਸਮਸਿਆਵਾਂ ਦਾ ਮੁਖ ਕਾਰਨ ਸਾਡੀ ਵਧ ਰਹੀ ਵਸੋਂ ਹੈ। ਕੀ ਇਹ ਠੀਕ ਹੈ; ਕਿਉਂਕਿ ਪਹਿਲਾਂ ਤੁਹਾਡੇ ਵਲੋਂ ਉਹਨਾਂ ਦੇ ਹੱਕ ਵਿਚ ਭੂਮਿਕਾ ਬੰਨ੍ਹੀ ਗਈ ਹੈ ਤਾਂ ਇਸਦਾ ਮਤਲਬ ਹੈ ਕਿ ਉਹ ਸਾਰੀ ਇੰਟਰਵਿਊ ਸਹੀ ਹੈ। ਮੈਂ ਇਕ ਕਿਤਾਬ "ਸਮਾਜ ਨੂੰ ਬਦਲ ਦੇਵੋ" ਪੜ੍ਹੀ ਹੈ ਜਿਸ ਵਿਚ ਵੀ ਮੁੱਖ ਕਾਰਨ ਵਸੋਂ ਨਹੀਂ ਦਸਿਆ ਗਿਆ ਹੈ ਤੇ ਉਸ ਕਿਤਾਬ ਵਿਚ ਲਿਖਿਆ ਹੈ ਕਿ ਸਾਨੂੰ ਕਿਸੇ ਵੀ ਚੀਜ਼ ਜਿਵੇਂ ਕੋਲੇ ਭੰਡਾਰ ਜਾਂ ਹੋਰ ਚੀਜ਼ਾਂ ਦੇ ਖ਼ਤਮ ਹੋਣ ਬਾਰੇ ਭੈਭੀਤ ਨਹੀਂ ਹੋਣਾ ਚਾਹੀਦਾ ਕਿਉਂਕਿ ਖੁਸ਼ਵੰਤ ਸਿੰਘ ਮੁਤਾਬਕ ਚੀਜ਼ਾਂ ਘੱਟ ਹਨ ਤੇ ਵਸੋਂ ਜ਼ਿਆਦਾ ਹੈ। ਜੇ ਇਸ ਤਰਾਂ ਹੁੰਦਾ ਵੀ ਹੈ ਤਾਂ ਉਸ ਦੇ ਬਦਲ ਦੀ ਕੋਈ ਨਾ ਕੋਈ ਚੀਜ਼ ਲਾਜ਼ਮੀ ਹੀ ਨਿਕਲ ਆਉਂਦੀ ਹੈ। ਇਹ ਕੁਦਰਤੀ ਅਮਲ ਹੈ। ਸੋ ਇਸ ਬਾਰੇ ਸਪਸ਼ਟ ਕਰਨਾ ਹੈ ਕਿ ਮੁੱਖ ਕਾਰਨ ਵਸੋਂ ਹੈ ਜਾਂ ਇਹ ਭ੍ਰਿਸ਼ਟ ਪ੍ਰਬੰਧ ਹੈ। ਤਾਂਕਿ ਆਮ ਲੋਕਾਂ ਨੂੰ ਪਤਾ ਲਗ ਸਕੇ ਅਸਲਕਿ ਹੱਲ ਕੀ ਹੈ। —ਹਰਮੀਤ ਸਿੰਘ

—ਹਰਮੀਤ ਸਿੰਘ ਜੀ, ਖੁਸ਼ਵੰਤ ਸਿੰਘ ਦੇ ਇੰਟਰਵਿਊ ਵਿਚ ਅਸੰਤੁਸ਼ਟਤਾ ਦਾ ਕਾਰਨ ਜੋ ਵਧਦੀ ਵਸੋਂ ਦਿਤਾ ਗਿਆ ਹੈ ਮੈਂ ਉਹਦੇ ਨਾਲ ਸਹਿਮਤ ਨਹੀਂ। ਇਹ ਬੁਰਜੁਆ ਹੁਕਮਰਾਨਾਂ ਦੀ ਦਲੀਲ ਹੋ ਸਕਦੀ ਹੈ ਜੋ ਆਪਣੀ ਸਰਕਾਰ ਦੀਆਂ ਨਾਲਾਇਕੀਆਂ ਨੂੰ ਇਸ ਪੱਜ ਛੁਪਾਂਦੇ ਹਨ। ਪਰ ਸਾਨੂੰ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਭਾਰਤ ਵਰਗੇ ਦੇਸ਼ ਵਿਚ ਵਧਦੀ ਆਬਾਦੀ ਦੇ ਕੁਝ ਨਾਂਹ-ਪੱਖੀ ਪੱਖ ਜ਼ਰੂਰ ਹਨ, ਜੋ ਸੂਝਵਾਨ ਲੋਕਾਂ ਨੂੰ ਨਹੀਂ ਭੁੱਲਣੇ ਚਾਹੀਦੇ। ਛੋਟੇ ਪਰਿਵਾਰ ਲਾਜ਼ਮੀ ਤੌਰ ਤੇ ਮਾਂ ਦੀ ਸਿਹਤ ਅਤੇ ਬਚਿਆਂ ਦੀ ਪਰਵਰਿਸ਼ ਲਈ ਲਾਹੇਵੰਦ ਹਨ। ਬਾਕੀ ਸੋਸ਼ਲਿਸਟ ਸੁਸਾਇਟੀਆਂ ਜਿਹੜੀਆਂ ਵਿਉਂਤਬੰਦ ਤਰੀਕੇ ਨਾਲ ਚਲਦੀਆਂ ਹਨ, ਉਹ ਦੇਸ਼ ਦੀ ਆਰਥਕਤਾ ਨੂੰ ਮੁਖ ਰਖਕੇ ਹਰ ਸਮੇਂ ਇਸ ਪੱਖ ਤੋਂ ਆਪਣੇ ਲੋਕਾਂ ਨੂੰ ਸੇਧ ਦੇਂਦੀਆਂ ਹਨ। ਕਿਸੇ ਇਕ ਪੜਾਅ ਤੇ (ਵਿਸ਼ੇਸ਼ ਕਰਕੇ ਦੂਜੀ ਜੰਗ ਤੋਂ ਬਾਅਦ) ਰੂਸ ਦੀ ਸੁਸਾਇਟੀ ਨੇ ਵੱਧ ਟੱਬਰਾਂ ਦਾ ਨਾਅਰਾ ਦਿਤਾ ਤੇ ਇਸਦੇ ਨਾਲ ਹੀ ਮਾਂ ਬਣਨ ਵਾਲੀਆਂ ਔਰਤਾਂ ਨੂੰ ਹਰ ਲਿਹਾਜ਼ ਨਾਲ ਵਧੀਆ ਡਾਕਟਰੀ ਸਹੂਲਤਾਂ ਅਤੇ ਸਮਾਜਕ ਇਜ਼ਤ ਦਿਤੀ ਪਰ ਚੀਨ ਵਿਚ ਆਰਥਕਤਾ ਨੂੰ ਹੀ ਮੁੱਖ ਰੱਖ ਕੇ ਪਰਿਵਾਰ ਨਿਯੋਜਨ ਦਾ ਨਾਅਰਾ ਦੇਣਾ ਪਿਆ। ਸੋ ਇਸ ਮਸਲੇ ਤੇ ਸਾਨੂੰ ਬੜੀ ਸੂਝ ਨਾਲ ਆਪਣੀ ਰਾਇ ਬਣਾਉਣੀ ਚਾਹੀਦੀ ਹੈ। ਅਸੀਂ ਇਸ ਦਲੀਲ ਨੂੰ ਨਾ ਸਵੀਕਾਰ ਕਰਦੇ ਹੋਏ ਕਿ ਵੱਧ ਅਬਾਦੀ ਹੀ ਭਾਰਤ ਵਿਚ ਲੋਕਾਂ ਦੇ ਸਾਰੇ ਦੁਖ ਦਾ ਕਾਰਨ ਹੈ, ਫੇਰ ਵੀ ਛੋਟਾ ਪਰਿਵਾਰ ਮੌਜੂਦਾ ਹਾਲਤਾਂ ਵਿਚ ਇਕ ਸਹੀ ਨਾਅਰਾ ਹੈ। —ਗੁਰਸ਼ਰਨ ਸਿੰਘ

## 2. ਇਕ ਚਿੱਠੀ ਤੇ ਉਹਦਾ ਜਵਾਬ :

—ਤੁਹਾਡਾ ਪਰਚਾ ਸਮਤਾ ਇਸ ਮਹੀਨੇ ਦਾ ਪੜ੍ਹਿਆ। ਇਸ ਪਰਚੇ ਵਿਚ "ਆਰ. ਨੂਰਕਾਲ ਦੀ ਖੁਸ਼ਵੰਤ ਸਿੰਘ ਨਾਲ ਇਕ ਮੁਲਾਕਾਤ" ਵੀ ਪੜ੍ਹੀ ਅਤੇ ਤੁਹਾਡੀਆਂ ਲਿਖੀਆਂ ਹੋਈਆਂ ਗੱਲਾਂ ਖੁਸ਼ਵੰਤ ਸਿੰਘ ਬਾਰੇ ਵੀ ਪੜ੍ਹੀਆਂ। ਮੇਰਾ ਇਕ ਸਾਥੀ ਹੈ ਤੇ ਉਸ ਨੇ ਤੁਹਾਡੀਆਂ ਗੱਲਾਂ ਤੇ ਇਤਰਾਜ਼ ਕੀਤਾ ਹੈ ਕਿ ਖੁਸ਼ਵੰਤ ਸਿੰਘ ਨੇ ਕਿਸੇ ਵੀ (ਇਲਸਟਰੇਇਡ ਵੀਕਲੀ' ਵਿਚ ਸਿਖਾਂ ਦੇ ਇਹੋ ਜਿਹੇ ਫੀਚਰ ਨਹੀਂ ਕਢੇ ਜਿਵੇਂ ਕਿ ਤੁਸੀਂ ਲਿਖਿਆ ਹੈ। ਸਿਖਾਂ ਦਾ ਹਾਕੀ 'ਚ ਯੋਗ ਦਾਨ; ਸਿਖਾਂ ਦਾ ਭਾਰਤੀ ਫੌਜ ਯੋਗ ਦਾਨ, ਆਦਿ ਉਸ ਸਾਥੀ ਨੇ ਇਤਰਾਜ਼ ਕੀਤਾ ਹੈ ਕਿ ਖੁਸ਼ਵੰਤ ਸਿੰਘ ਬਾਰੇ ਗੱਲਾਂ ਭਾਜੀ ਨੇ ਤਰੋੜ-ਮਰੋੜ ਕਿ ਪੇਸ਼ ਕੀਤੀਆਂ ਹਨ! ਅਗਰ ਕੋਈ ਤੁਹਾਡੇ ਕੋਲ ਇਹਨਾਂ ਗੱਲਾਂ ਬਾਰੇ ਸਬੂਤ ਹਨ ਤਾਂ ਮੈਨੂੰ ਲਿਖੋ ਤਾਕਿ ਮੈਂ ਆਪਣੇ ਸਾਥੀ ਨੂੰ ਸੰਤੁਸ਼ਟ ਕਰ ਸਕਾਂ। ਅਗਰ ਤੁਸੀਂ ਚਿਠੀ ਦਾ ਜਵਾਬ ਨਾ ਦਿਤਾ ਤਾਂ ਫਿਰ ਮੈਂ ਸਮਝਾਂਗਾ ਕਿ ਮੇਰੇ ਸਾਥੀ ਦਾ ਇਤਰਾਜ ਬਿਲਕੁਲ ਠੀਕ ਹੈ/ਕੁਲਤਾਰ ਸਿੰਘ, ਰੰਜੀਤ ਐਵੀਨਿਊ, ਅੰਮ੍ਰਿਤਸਰ

ਕੁਲਤਾਰ ਸਿੰਘ ਜੀ,

ਸ੍ਰ. ਖੁਸ਼ਵੰਤ ਸਿੰਘ ਜਦੋਂ "ਇਲਸਟਰੇਟਿਡ ਵੀਕਲੀ' ਦੇ ਸੰਪਾਦਕ ਸਨ ਤਾਂ ਇਹ ਮੇਰਾ ਆਮ ਪ੍ਰਭਾਵ ਸੀ ਕਿ ਉਹ ਸਿੱਖ ਸ਼ਾਵਨਵਾਦ ਨੂੰ ਲੋੜੋਂ ਵੱਧ ਆਪਣੇ ਪਰਚੇ ਵਿਚ ਥਾਂ ਦੇਂਦੇ ਹਨ। ਤੁਹਾਡੀ ਚਿੱਠੀ ਆਉਣ ਤੇ ਮੈਂ ਵੀਕਲੀ ਦੇ ਪੁਰਾਣੇ ਪਰਚੇ ਯੂਨੀਵਰਸਟੀ ਵਿਚੋਂ ਲੱਭਣ ਦੇ ਯਤਨ ਕੀਤੇ ਹਨ ਪਰ ਸਫਲਤਾ ਨਹੀਂ ਹੋਈ। ਤੁਹਾਡੇ ਸਾਥੀ ਜੇਕਰ ਇਹ ਗੱਲ ਪੂਰੇ ਯਕੀਨ ਨਾਲ ਕਹਿੰਦੇ ਹਨ ਤਾਂ ਮੈਂ ਇਹ ਭੁਲ ਸਵੀਕਾਰ ਕਰਨਾ ਹਾਂ। ਲਿਖਤੀ ਸਬੂਤ ਦੀ ਗੈਰਹਾਜ਼ਰੀ ਵਿਚ ਮੇਰੇ ਲਈ ਇਹ ਟਿਪਣੀ ਕਰਨੀ ਠੀਕ ਨਹੀਂ ਸੀ/ਗੁਰਸ਼ਰਨ ਸਿੰਘ

Regd. with Registrar, News Paper vide No. MA/12397-D dated 18.4.80
Post Office No: P/AR—133

## 3. ਸਾਥੀਆਂ ਦੀ ਇੱਕ ਚਿੱਠੀ ਫਤਿਹਗੜ੍ਹ ਚੂੜੀਆਂ ਤੋਂ ਤੇ ਉਹਦਾ ਜਵਾਬ

ਮੈਂ ਮਾਰਚ ਮਹੀਨੇ ਦਾ 'ਸਮਤਾ' ਅੰਕ ਨੰ: 70 ਪੜ੍ਹਿਆ। ਮੇਰੇ ਹੋਰ ਸਾਥੀਆਂ ਨੇ ਵੀ ਪੜ੍ਹਿਆ। ਸਾਡੇ ਮਨ ਅੰਦਰ ਇਕ ਸਵਾਲ ਖੜਾ ਹੋ ਗਿਆ। ਆਪ ਦਾ ਇਹ ਅੰਕ 1. ਇਸ ਵੇਲੇ ਦਰਬਾਰ ਸਾਹਿਬ ਕੀ ਹੋ ਰਿਹਾ ਹੈ? 2. ਗਲਤ ਸ਼ਬਦਾਵਲੀ। ਇਹ ਪੜ੍ਹਕੇ ਸਾਨੂੰ ਹੈਰਾਨੀ ਹੋਈ ਹੈ ਕਿ ਆਪ ਤੇ ਗੁਰਮਤ ਪ੍ਰਚਾਰ ਵਾਲਿਆਂ ਦਾ ਕਾਫ਼ੀ ਪ੍ਰਭਾਵ ਹੈ। ਤੁਸਾਂ ਰੈਸ਼ਨਲਿਸਟ ਸੋਸਾਇਟੀ ਤੇ ਜੋ ਟਿਪਣੀ ਕੀਤੀ ਹੈ ਉਹ ਬੇ-ਬੁਨਿਆਦ ਹੈ। ਗੁਰਮਤ ਪ੍ਰਚਾਰ ਵਾਲਿਆਂ ਨੇ ਜੋ ਸਵਾਲ ਕੀਤਾ ਹੈ ਕਿ 'ਰੱਬ ਸ਼ੈਤਾਨੀ ਦੀਮਾਗ ਦੀ ਕਾਢ ਹੈ' ਅਤੇ ਕੀ ਬਾਬਾ ਨਾਨਕ ਸ਼ੈਤਾਨੀ ਦਿਮਾਗ ਸੀ? ਤੁਸਾਂ ਕਿਹਾ ਹੈ ਉਨ੍ਹਾਂ ਦੀ ਦਲੀਲ ਵਿਚ ਵਜ਼ਨ ਹੈ, ਉਨ੍ਹਾਂ ਦੀ ਦਲੀਲ ਵਿਚ ਕਿਵੇਂ ਵਜ਼ਨ ਹੈ ਸਮਝਾਉਣਾ। ਕੀ ਆਪ ਗੁਰਮਤ ਪ੍ਰਚਾਰ ਵਾਲਿਆਂ ਨੂੰ ਅਤੇ ਰੈਸ਼ਨਲਿਸਟ ਸੋਸਾਇਟੀ ਵਾਲਿਆਂ ਨੂੰ ਇਕੋ ਸਮਝ ਨਾਲ ਦੇਖਦੇ ਹੋ? ਗੁਰੂ ਨਾਨਕ ਵਾਕਿਆ ਹੀ ਇਕ ਚੰਗਾ ਮਾਨੁੱਖ ਸੀ ਜਿਸ ਨੇ ਵਹਿਮਾਂ, ਭਰਮਾਂ-ਪਖੰਡਾਂ ਅਤੇ ਕਈ ਸਮਾਜਿਕ ਕੁਰੀਤੀਆਂ ਨੂੰ ਨੰਗਾ ਕੀਤਾ। ਪਰ ਨਾਲ ਦੀ ਨਾਲ ਬਾਬਾ ਨਾਨਕ ਇਹ ਵੀ ਕਹਿੰਦਾ ਹੈ, "ਕਈ ਵਾਰ ਪਸਰਿਉ ਪਸਾਰਾ, ਫਿਰ ਇਕੋ ਨਰਕਕਾਰਾ" ਭਾਅ ਜੀ ਗੁਰਮਤ ਵਾਲਿਆਂ ਤੋਂ ਇਹ ਪੁਛਕੇ ਦੱਸੋ ਕਿ ਧਰਤੀ ਕਿੰਨੀ ਵਾਰ ਪਸਰ ਚੁੱਕੀ ਹੈ ਤੇ ਫਿਰ ਨਰਕਕਾਰਾ ਕਿਥੇ ਰਹਿੰਦਾ ਹੈ।

ਭਾਅ ਜੀ ਮਨੁੱਖ ਸਾਡੀ ਇਸ ਸ੍ਰਿਸ਼ਟੀ ਦਾ ਕੇਂਦਰ ਹੈ, ਇਸ ਰਚਨਾ ਦਾ ਸਰਦਾਰ ਹੈ। ਸਰਦਾਰ ਹੀ ਨਹੀਂ ਖੁਦ ਸਿਰਜਣਹਾਰ, ਰਚਨਹਾਰ ਵੀ ਹੈ। ਮਨੁੱਖ ਦੇ ਦਿਮਾਗ ਨੇ ਕਈ ਦੇਵੀ ਦੇਵਤਿਆਂ ਦੀ ਕਲਪਨਾ ਕੀਤੀ। ਰੱਬ ਨੂੰ ਜਨਮ ਦਿੱਤਾ। ਸਭਿਆਤਾਵਾਂ ਉਸਾਰੀਆਂ, ਅਮੋਲ ਸਭਿਆਚਾਰਾਂ ਦੀ ਸਿਰਜਣਾ ਕੀਤੀ। ਉਹਨੇ ਸਗਲੀ ਧਰਤੀ ਆਪਣੇ ਦੋਹਾਂ ਕਦਮਾਂ ਵਿਚ ਸਮੇਟ ਲਈ ਅਤੇ ਇਕ ਹੋਰ ਕਦਮ ਭਰਦਿਆਂ ਚੰਨ ਉਤੇ ਪੈਰ ਜਾ ਧਰੇ। ਉਹ ਦਿਨ ਦੂਰ ਨਹੀਂ ਜਦੋਂ ਉਹ ਪੂਰੇ ਤਾਰਾ-ਮੰਡਲ ਨੂੰ ਹੀ ਆਪਣੇ ਕਲਾਵੇ ਵਿਚ ਲੈ ਲਵੇਗਾ।

ਕੀ ਭਾਅ ਜੀ ਤੁਸੀਂ ਬਾਬੇ ਨਾਨਕ ਜੀ ਨੂੰ ਇਸ ਧਰਤੀ ਦੇ ਮਨੁੱਖਾਂ ਵਿਚੋਂ ਗਿਣਦੇ ਹੋ ਜਾਂ ਹੋਰ ਕੁਝ।

2. ਦੂਸਰਾ ਸਵਾਲ ਹੈ ਇਵੇਂ ਲੱਗਦਾ ਹੈ ਕਿ ਆਪ ਜੀ ਨੂੰ ਦਰਬਾਰ ਸਾਹਿਬ ਦੇ ਝਗੜੇ ਨਾਲ ਕਾਫ਼ੀ ਦਿਲ-ਚਸਪੀ ਹੈ ਤੇ ਤੁਸੀਂ ਸੁਲਾਹ ਕਰਵਾਉਣ ਲਈ ਕਾਫ਼ੀ ਫ਼ਿਕਰਮੰਦ ਹੋ। ਕੀ ਭਾਅ ਜੀ ਕਿਰਤੀ ਜਮਾਤ ਨੂੰ ਇਸ ਫੈਸਲੇ ਨਾਲ ਕੋਈ ਲਾਭ ਪੁਜੇਗਾ? ਕਿਉਂਕਿ ਤੁਸੀਂ ਵਕੀਲਾਂ, ਬੁਧੀਜੀਵਾਂ ਦੇ ਕਾਫਲਿਆਂ ਨੂੰ ਨਾਲ ਲੈ ਕੇ ਸੁਲਾਹ ਕਰਵਾਉਣੀ ਚਾਹੁੰਦੇ ਹੋ। ਤੁਹਾਨੂੰ ਹਰਿਮੰਦਰ ਜਾਂ ਅਕਾਲ ਤਖਤ ਦੇ ਢਾਉਣ, ਬਨਵਾਉਣ ਵਿਚ ਕਾਫ਼ੀ ਦਿਲਚਸਪੀ ਹੈ। ਜਦੋਂ ਅਕਾਲ ਤਖਤ ਸੀ ਤਾਂ ਕਿਰਤੀ ਲੋਕਾਂ ਦੀ ਭਲਾਈ ਲਈ ਕੀ ਕੁਝ ਹੋਇਆ, ਜਦੋਂ ਢਹਿ ਗਿਆ ਤਾਂ ਕੀ ਫਰਕ ਪਿਆ। ਹੁਣ ਨਵਾਂ ਕਰੋੜਾਂ ਰੁਪਿਆਂ ਦਾ ਬਣਕੇ ਕੀ ਕੁਝ ਕਿਰਤੀ ਲੋਕਾਂ ਨੂੰ ਲਾਭ ਹੋਏਗਾ। ਜੇ ਹੋਵੇਗਾ ਤਾਂ ਭਾਅ ਜੀ ਅਸੀਂ ਵੀ ਉਥੇ ਕਿਰਤੀ ਸਾਥੀਆਂ ਨੂੰ ਨਾਲ ਲੈ ਕੇ ਸੇਵਾ ਕਰੀਏ? ਕੀ ਭਾਅ ਜੀ ਪੰਜਾਬ ਦੀ ਅਮਨ ਸ਼ਾਂਤੀ ਕੇਵਲ ਇਹਨਾਂ ਦੀ ਸੁਲਾਹ ਸਫ਼ਾਈ ਨਾਲ ਹੀ ਹੱਲ ਹੋ ਸਕਦੀ ਹੈ ਜਾਂ ਕੋਈ ਹੋਰ ਮਸੂਲਾ ਹੈ। ਸਾਨੂੰ ਤਾਂ ਉਥੇ ਕੋਈ ਖਾਸ ਰੌਣਕ ਨਹੀਂ ਲੱਗੀ। ਪਰ ਆਪ ਨੂੰ ਪਤਾ ਨਹੀਂ ਕਿਵੇਂ ਉਥੇ ਅਮਨ ਅਮਾਨ ਲੱਗੀ ਹੈ। ਕੋਈ ਖਾਸ ਲੋਕ ਹੀ ਕਾਰ ਸੇਵਾ ਲਈ ਉਥੇ ਜਾਂਦੇ ਹਨ ਆਮ ਲੋਕ ਨਹੀਂ। ਸਾਨੂੰ ਤਾਂ ਉਥੇ ਇਵੇਂ ਲੱਗਾ ਹੈ ਜਿਵੇਂ ਉਜੜੇ ਬਾਗਾਂ ਦੇ ਗਾਲੜ ਪਟਵਾਰੀ ਹੋਣ।

ਉਤਰ ਦੀ ਉਡੀਕ ਵਿਚ :—/ਕੁਝ ਸਾਥੀ

ਸਾਥੀਓ, ਤੁਹਾਡੇ ਪਤ੍ਰ ਨੂੰ ਪੜ੍ਹਕੇ ਮੇਰਾ ਸਪਸ਼ਟੀਕ੍ਰਨ ਦੇਣਾ ਬਣਦਾ ਹੈ। ਕਿਸੇ ਫਲਸਫ਼ੇ ਨਾਲ ਸਹਿਮਤ ਨਾ ਹੋਣਾ, ਇਕ ਵੱਖਰੀ ਗੱਲ ਹੈ, ਉਸ ਫਲਸਫੇ ਦੇ ਧਾਰਨੀ ਨੂੰ ਸ਼ੈਤਾਨੀ. ਦਿਮਾਗ ਕਹਿਣਾ ਕਿਸੇ ਬਹਿਸ ਲਈ ਸਹੀ ਸ਼ਬਦਾਵਲੀ ਨਹੀਂ। ਇਸੇ ਪ੍ਰਸੰਗ ਵਿਚ ਮੈਂ ਰੈਸ਼ਨਲਿਸਟ ਸੋਸਾਇਟੀ ਵਾਸਤੇ ਇਕ ਸੁਝਾਉ ਟਿੱਪਣੀ ਕੀਤੀ ਸੀ। ਮੈਂ ਰੈਸ਼ਨਲਿਸਟ ਲਹਿਰ ਨੂੰ ਅੱਜ ਦੇ ਸਮੇਂ ਦੀ ਇਕ ਬਹੁਤ ਜ਼ਰੂਰੀ ਲਹਿਰ ਸਮਝਦਾ ਹਾਂ ਤੇ ਇਹਦਾ ਦਰਜਾ ਕਿਸੇ ਵੀ ਧਾਰਮਕ ਲਹਿਰ ਤੋਂ ਬਹੁਤ ਵੱਧ ਹੈ। ਇਹ ਮੇਰੀਆਂ ਸਾਰੀਆਂ ਲਿਖਤਾਂ ਅਤੇ ਨਾਟਕਾਂ ਤੋਂ ਜ਼ਰੂਰ ਸਪਸ਼ਟ ਹੋ ਜਾਂਦਾ ਹੋਣਾ ਹੈ।

ਦਰਬਾਰ ਸਾਹਿਬ ਬਾਰੇ ਮੇਰੇ ਲੇਖ ਦਾ ਇਕੋ ਮੁਦਾਅ ਸੀ ਕਿ ਅਸੀਂ ਦੱਮਦੱਮੀ ਟਕਸਾਲ, ਸਿਖ ਸਟੂਡੈਂਟ ਫੈਡਰੇਸ਼ਨ ਅਤੇ ਟੈਰਰਿਸਟਾਂ ਦੀਆਂ ਸਰਗਰਮੀਆਂ ਦਾ ਸਹੀ ਵਿਸ਼ਲੇਸ਼ਣ ਕਰੀਏ ਤੇ ਇਹਨਾਂ ਦਾ ਵੱਖ ਵੱਖ ਪਧਰ ਤੇ ਮਕਾਬਲਾ ਕਰੀਏ। ਇਕ ਧਾਰਮਕ ਮਸਲਾ ਹੈ, ਇਕ ਸਿਆਸੀ ਮਸਲਾ ਹੈ ਤੇ ਇਕ ਪੂਰੀ ਤਰ੍ਹਾਂ ਦਹਿਸ਼ਤਗਰਦੀ ਦਾ ਮਸਲਾ ਹੈ। ਮੇਰੇ ਵਿਚਾਰ ਵਿਚ ਟੈਰਰਿਸਟਾਂ ਦਾ ਇਕ ਵੱਖਰਾ ਹੀ ਹਾਈ ਕਮਾਂਡ ਹੈ, ਜੋ ਦਰਬਾਰ ਸਾਹਿਬ ਵਿਚ ਸਥਿਤ ਨਹੀਂ ਹੈ। ਦਰਬਾਰ ਸਾਹਿਬ ਕਥਿਤ ਅਤਿ-ਵਾਦੀਆਂ ਤੋਂ ਖਾਲੀ ਵੀ ਕਰਵਾ ਲਿਆ ਗਿਆ ਪਰ ਦਹਿਸ਼ਤਗਰਦੀ ਦੀਆਂ ਸਰਗਰਮੀਆਂ ਉਸੇ ਤਰ੍ਹਾਂ ਚਲ ਰਹੀਆਂ ਹਨ. ਮੇਰੀ ਰਾਏ ਦੀ ਪੁਸ਼ਟੀ ਕਰਦੀਆਂ ਹਨ। ਮੇਰੀ ਕਿਸੇ ਵੀ ਧਾਰਮਕ ਲਹਿਰ ਨਾਲ ਕੋਈ ਹਮਦਰਦੀ ਨਹੀਂ, ਪਰ ਪੰਜਾਬ ਦੀ ਸਿਆਸਤ ਵਿਚ ਧਾਰਮਕ ਸਿਆਸਤ ਉਭਰਕੇ ਆਈ ਹੈ, ਇਸ ਲਈ ਇਹਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ ਤਾਂ ਜੋ ਇਹਦਾ ਸਹੀ ਢੰਗ ਨਾਲ ਮੁਕਾਬਲਾ ਕੀਤਾ ਜਾ ਸਕੇ। ਇਸੇ ਤਰ੍ਹਾਂ ਗੁੰਮਰਾਹ ਹੋਏ ਨੌਜਵਾਨਾਂ ਨੂੰ ਸਹੀ ਰਾਹ ਤੇ ਲਿਆਉਣਾ ਵੀ ਸਾਡੀ ਸਿਆਸਤ ਦਾ ਭਾਗ ਹੈ। ਇਸੇ ਸਿਆਸਤ ਦੇ ਅਧੀਨ ਵਿਯਕਤੀਗੱਤ ਰੂਪ ਵਿਚ ਉਹਨਾਂ ਦੀ ਮਾਨਸਕਤਾ ਨੂੰ ਸਮਝਣਾ ਅਤੇ ਦਿਸ਼ਾ ਦੇਣਾ ਮੈਂ ਗ਼ਲਤ ਨਹੀਂ ਸਮਝਦਾ।

ਗੁਰਸ਼ਰਨ ਸਿੰਘ